KHALSA COLLEGE
SAJRA SAHIT

# ਖ਼ਾਲਸਾ ਕਾਲਜ
# ਸੱਜਰਾ ਸਾਹਿਤ

ਅੰਕ ਨੰ :੧੯



# ਜੁਲਾਈ
# 2024

ਸਾਹਿਤ ਸਭਾ ਖ਼ਾਲਸਾ ਕਾਲਜ

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਜੁਲਾਈ 2024

ਵੱਲੋਂ :

® ਖ਼ਾਲਸਾ ਕਾਲਜ ਅੰਮ੍ਰਿਤਸਰ

ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com

KHALSA COLLEGE

SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ **ਜੁਲਾਈ** 2024

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, **8195903361.**

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit

ਪ੍ਰਕਾਸ਼ਿਤ ਮਿਤੀ : 01 **ਜੁਲਾਈ** 2024

ਅੰਕ ਨੰ: 19

ਮੁੱਖ ਸੰਪਾਦਕ :

ਦਲਜੀਤ ਕੌਰ (ਬੀ. ਏ.)

ਸੰਪਾਦਕ :

ਅਮਨਦੀਪ ਕੌਰ (ਬੀ. ਏ.)

ਦਮਨਪ੍ਰੀਤ ਸਿੰਘ (ਬੀ. ਏ.)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਦੋ ਸ਼ਬਦ | 07 |
| 2. | ਕੱਲ੍ਹ ਨਾ ਆਈ | 09 |
| 3. | ਨਿਰਾਸ਼ਾ ਦੀ ਆਸ | 10 |
| 4. | ਗਣਿਤ ਦੇ ਕਿਸੇ ਸਵਾਲ ਜਿੰਨੀ | 11 |
| 5. | ਕੈਦ ਕਰਲੋ | 13 |
| 6. | ਸ਼ਾਮ ਰੰਗਿਆ | 14 |
| 7. | ਫ਼ਾ-ਕਮਾਨੇ | 17 |
| 8. | ਮੱਥਾ | 18 |
| 9. | ਹਾਲ ਬੜਾ ਈ ਮਾੜਾ | 20 |
| 10. | ਗਾਲ੍ਹੜ (ਸਕੈੱਚ) | 22 |
| 11. | ਅਸੀਂ ਤੈਨੂੰ ਹਾਰ ਗਏ | 23 |
| 12. | ਸੱਜਣਾ ਮੈਂਡਿਆ | 25 |
| 13. | ਕਾਸ਼ਨੀ ਫੁੱਲ | 26 |
| 14. | ਤੂੰ ਮੈਂ | 30 |
| 15. | ਮਾਪੇ | 32 |
| 16. | ਹੱਸੀ ਜਾ | 34 |
| 17. | ਸਫ਼ਰ ਸੁਹਾਵਣੇ | 36 |
| 18. | ਤੇਰੀ ਬਰਕਤ | 37 |
| 19. | ਤੂੰ ਜਾਣੇਂ ਪਿਆਰੀ ਏ | 38 |

| | | |
|---|---|---|
| 20. | ਰੌਸ਼ਨੀ (ਡੀਜ਼ੀਟਲ ਆਰਟ) | 40 |
| 21. | ਯਾਦਾਂ ਤੇਰੀਆਂ | 41 |
| 22. | ਪ੍ਰੀਤ | 42 |
| 23. | ਮੈਂ (ਪੇਂਟਿੰਗ) | 43 |
| 24. | ਹਰ ਜਨਮ ਤੈਨੂੰ ਪਿਆਰ | 44 |
| 25. | ਤੇਰੇ ‘ਤੇ ਆਸਾਂ | 45 |
| 26. | ਚਾਹੇ ਹੋਣਾ (ਅਟਲ ਸਚਾਈ) | 46 |
| 27. | ਚੁੱਪ | 48 |
| 28. | ਫੇਰ ਕੀ ਸੀ | 49 |
| 29. | ਅੱਖਰ ਤੇਰੇ ਨਾਂ ਦਾ | 51 |
| 30. | ਸਿਪਾਹੀ-ਮਹਿਬੂਬ | 52 |
| 31. | ਨੀ ਮੁਹੱਬਤੇ | 54 |
| 32. | ਦਿਲ ਦੇ ਵਿੱਚ ਖ਼ੁਮਾਰੀ ਤਾਂ | 56 |
| 33. | ਸਾਥੀ ਮੇਰਾ | 57 |
| 34. | ਇਸ਼ਕ 'ਚ ਕੀਤੀਆਂ ਗਲ਼ਤੀਆਂ | 58 |
| 35. | ਕੀ ਇਨਸਾਨ ਬਣਾਇਆ ਏ | 60 |
| 36. | ਤੇਰੇ ਰੰਗ ਵਿੱਚ | 61 |
| 37. | ਚਿੱਕੜ | 63 |
| 38. | ਸਬਰ ਦੇ ਪਿੱਛੇ | 65 |
| 39. | ਮੇਰੇ ਮਾਂ ਬਾਪ ਨੂੰ | 66 |
| 40. | ਬੜੇ ਬੜੇ ਪਰਪੰਚ | 68 |

| | | |
|---|---|---|
| 41. | ਮਰਜ਼ੀ | 69 |
| 42. | ਮੁਹੱਬਤ | 70 |
| 43. | ਖ਼ਿਆਲਾਂ 'ਚ ਗੁੰਮ (ਸਕੈੱਚ) | 71 |
| 44. | ਮੁਹੱਬਤ ਛੱਡ ਪਰਾਂ | 72 |
| 45. | ਖ਼ਾਸ ਨੇ ਠੱਗਿਆ | 73 |
| 46. | ਸਵਾਲ | 74 |
| 47. | ਮੈਂ ਤੇਰੇ ਤੋਂ ਵੱਖ | 75 |
| 48. | ਜੜ੍ਹਾਂ (ਸਕੈੱਚ) | 76 |
| 49. | ਪੰਜਾਬੀ ਮਾਂ ਬੋਲੀ | 77 |
| 50. | ਬੁੱਝ ਲੈ ਮੇਰੇ ਪਿਆਰ | 79 |
| 51. | ਸਿਦਕ ਦਾ ਪੱਲੜਾ | 80 |
| 52. | ਨਾਨਕ ਸੈਉ ਸਰਾਹੀਐ | 82 |
| 53. | ਇੱਕ ਤਰਫ਼ਾ ਪਿਆਰ (ਕਹਾਣੀ) | 83 |

# ਦੋ ਸ਼ਬਦ

ਖ਼ਾਲਸਾ ਕਾਲਜ ਦਾ ਪੰਜਾਬੀ ਵਿਭਾਗ ਸੰਸਾਰ ਭਰ ਦੇ ਵਿਭਾਗਾਂ ਵਿਚੋਂ ਮੋਢੀ ਜਾਣਿਆ ਜਾਂਦਾ ਹੈ। ਇਸ ਵਿਭਾਗ ਦਾ ਗੌਰਵਮਈ ਇਤਿਹਾਸ ਕਾਲਜ ਜਿੰਨਾ ਹੀ ਪੁਰਾਣਾ ਹੈ। ਇਹ ਵਿਭਾਗ ਐਮ. ਏ. ਪੰਜਾਬੀ ਦੇ ਪੱਧਰ ਦੀ ਪੜ੍ਹਾਈ ਸ਼ੁਰੂ ਕਰਨ ਵਾਲਾ ਮੋਢੀ ਵਿਭਾਗ ਹੈ। ਪੰਜਾਬੀ ਦੇ ਉੱਚ ਕੋਟੀ ਦੇ ਸਾਹਿਤਕਾਰ ਅਤੇ ਆਲੋਚਕ ਇਸ ਵਿਭਾਗ ਦੀ ਸੋਭਾ ਰਹੇ ਹਨ।

ਅੱਜ ਵੀ ਪੰਜਾਬੀ ਵਿਭਾਗ ਪੰਜਾਬ, ਪੰਜਾਬੀ, ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਪ੍ਰਚਾਰ ਅਤੇ ਪਸਾਰ ਲਈ ਕਾਰਜਸ਼ੀਲ ਹੈ। ਇਸ ਵਿਭਾਗ ਵੱਲੋਂ ਕਰਵਾਏ ਜਾਂਦੇ ਸਾਹਿਤ ਉਤਸਵ ਅਤੇ ਹੋਰ ਸਾਹਿਤ ਗਤੀ ਵਿਧੀਆਂ ਵਿਭਾਗ ਦੇ ਵਿਦਿਆਰਥੀਆਂ ਦੀ ਸ਼ਖਸ਼ੀਅਤ ਵਿਚੋਂ ਝਲਕਦੀਆਂ ਹਨ।

ਇਸ ਵਿਭਾਗ ਵਿਚਲੇ ਐਮ. ਏ. ਪੰਜਾਬੀ ਅਤੇ ਬੀ. ਏ. ਦੇ ਵਿਦਿਆਰਥੀ ਵੀ ਆਪਣੀਆਂ ਪੁਰਖਿਆਂ ਦੀ ਲਾਗ ਵਿਚ ਗੁੰਦੇ ਹੋਏ ਹਨ। ਜਿਸ ਸਮੇਂ ਪੰਜਾਬ ਦੇ ਨੌਜਵਾਨਾਂ ਲਈ ਗ਼ੈਰ ਸਾਹਿਤਕ, ਹਿੰਸਕ ਅਤੇ ਮੁੱਖ ਧਾਰਾ ਤੋਂ ਦੂਰ ਹੋਣ ਦੀ ਚਿੰਤਾ ਸਿਖਰ ਤੇ ਹੋਵੇ ਉਸ ਸਮੇਂ ਦੀ ਇਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਈ ਰਸਾਲਾ 'ਸੱਜਰਾ ਸਾਹਿਤ' ਕੱਢਣਾ ਯੋਗ ਉੱਦਮ ਦਾ ਉਸਾਰੂ ਕਾਰਜ ਹੈ। ਇਸ ਰਸਾਲੇ ਵਿਚ

ਪੰਜਾਬੀ ਸਾਹਿਤ ਦੇ ਵਿਸ਼ੇਸ਼ ਰੂਪ ਕਵਿਤਾ, ਨਜ਼ਮ ਅਤੇ ਕਹਾਣੀ ਦੇ ਨਾਲ ਨਾਲ ਪੇਂਟਿੰਗ ਅਤੇ ਈ ਪੇਂਟਿੰਗ ਨੂੰ ਸ਼ਾਮਿਲ ਕਰਨਾ ਵਿਦਿਆਰਥੀਆਂ ਵਿਚਲੀ ਕਲਾਤਮਿਕਤਾ ਦੀ ਗਵਾਹੀ ਭਰਦਾ ਹੈ। ਐਮ. ਏ. ਪੰਜਾਬੀ ਦੇ ਵਿਦਿਆਰਥੀ ਪ੍ਰੀਤ ਸਿੰਘ ਭੈਣੀ ਦੀ ਸੰਪਾਦਕੀ ਟੀਮ ਦੁਆਰਾ ਸ਼ੁਰੂ ਕੀਤੇ ਇਸ ਈ ਰਸਾਲੇ ਦੀ ਨਵੀਂ ਸੰਪਾਦਕ ਵਿਦਿਆਰਥਣ ਦਲਜੀਤ ਕੌਰ ਤੇ ਉਸਦੀ ਟੀਮ ਨੂੰ ਜੀ ਆਇਆ ਆਖਦਾ ਹਾਂ। ਮੈਂ ਇਸ ਸੰਪਾਦਕੀ ਦੀ ਨਵੀਂ ਟੀਮ ਅਤੇ ਵਿਦਿਆਰਥੀਆਂ ਨੂੰ ਸੱਜਰਾ ਸਾਹਿਤ ਰਸਾਲਾ ਅੰਕ 19 ਦੀ ਵਧਾਈ ਦਿੰਦਾ ਹੋਇਆ ਇਹਨਾਂ ਦੇ ਚੰਗੇ ਭਵਿੱਖ ਲਈ ਕਾਮਨਾ ਕਰਦਾ ਹਾਂ।

**ਡਾ. ਦਯਾ ਸਿੰਘ**

**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**

**ਖ਼ਾਲਸਾ ਕਾਲਜ, ਅੰਮ੍ਰਿਤਸਰ।**



# ਕੱਲ੍ਹ ਨਾ ਆਈ

ਇੱਕੋ ਮੁਸ਼ਕਿਲ ਹੱਲ ਨਾ ਆਈ।

ਪਿੱਛੋਂ ਜ਼ਿੰਦਗੀ ਵੱਲ ਨਾ ਆਈ।

ਸਾਹਿਬਾ ਦੀ ਥਾਂ ਮਿਰਜ਼ਾ ਝਟ ਖਲੋਤਾ,

ਖਰਲਾ ਨੂੰ ਫਿਰ ਗੱਲ ਨਾ ਆਈ।

ਮਾੜੇ ਬੋਲਣ ਲੱਗ ਪਏ ਜਦ ਵੀ,

ਤਕੜੇ ਨੂੰ ਫਿਰ ਗੱਲ ਨਾ ਆਈ

ਚਿੜੀਆਂ ਦੇ ਮੂੰਹ ਗੋਸ਼ਤ ਵੇਖ ਕੇ,

ਕਾਵਾਂ ਨੂੰ ਫਿਰ ਗੱਲ ਨਾ ਆਈ।

ਕੱਲ੍ਹ ਮਿਲਣ ਦਾ  ਵਾਅਦਾ ਸੀ ਗਾ,

ਉਹ ਦੀ ਅੱਜ ਤੱਕ ਕੱਲ੍ਹ ਨਾ ਆਈ।

**ਗੁਰਜਿੰਦਰ ਸ਼ਾਹ**

**ਐੱਮ. ਏ. ਪੰਜਾਬੀ**



# ਨਿਰਾਸ਼ਾ ਦੀ ਆਸ

ਉਹਦੇ ਤੱਕਣ ਦੀ ਆਸ ਲਾ ਤੱਕਦੀ ਰਹੀ,

ਉਸ ਮੈਨੂੰ ਤੱਕਿਆ ਈ ਨਈਂ।

ਮੈਂ ਉਹਦੇ ਰਾਹ ਵਿੱਚ ਖੜ੍ਹ ਸਾਹਵਾਂ ਨੂੰ ਡੱਕਦੀ ਰਹੀ,

ਉਸ ਇੱਕ ਪਲ ਲਈ ਰਾਹ ਆਪਣਾ ਡੱਕਿਆ ਈ ਨਈਂ।

ਹਰ ਨਾਕਾਮ ਕੋਸ਼ਿਸ਼ ਕਰ ਲਈ ਮੈਂ,

ਆਪਣੇ-ਆਪ ਉਸ ਚੁੱਪ ਦਾ ਪਰਦਾ ਚੱਕਿਆ ਈ ਨਈਂ।

ਰੱਬ ਬੈਠਾ ਸੀ ਸੁਣਨ ਉਹਨੂੰ

ਉਸ ਦਿਲ ਦਾ ਹਾਲ ਦੱਸਿਆ ਈ ਨਈਂ।

ਬੜਾ ਮਾਣ ਸੀ ਓਸ ਫ਼ਕੀਰ ‘ਤੇ,

ਉਹਨੇ ਫ਼ਕੀਰੀ ਈ ਛੱਡ’ਤੀ,

ਕਿਉਂ ਮਾਣ ਮੇਰਾ ਰੱਖਿਆ ਈ ਨਈਂ?

**ਦਲਜੀਤ ਕੌਰ**

**ਬੀ. ਏ. ਦੂਜਾ ਸਾਲ**



# ਗਣਿਤ ਦੇ ਕਿਸੇ ਸਵਾਲ ਜਿੰਨੀ

ਓਹ ਕੋਲ ਤਾਂ ਜਿਵੇਂ, ਵਾਲ਼ ਜਿੰਨੀ।

ਤਾਂ ਵੀ ਦੂਰ,ਪ੍ਰਕਾਸ਼ ਸਾਲ ਜਿੰਨੀ।

ਉਹ ਦੇ ਵਿੱਚੋਂ ਹੀ, ਮੈਂ ਲੱਭੀ ਸਾਰੀ ,

ਖ਼ੁਸ਼ੀਆਂ ਦੀ ਸੀ ਜੋ, ਭਾਲ਼ ਜਿੰਨੀ।

ਇੱਕ ਜ਼ਬਾਨ ਤੋਂ, ਦੱਸ ਨਹੀਂ ਹੋਣੀ,

ਕਿ ਮੁਹੱਬਤ ਉਹਦੇ, ਨਾਲ਼ ਜਿੰਨੀ।

ਇਹ ਘੜੀ ਮੈਂ, ਟਾਲ਼ੀ ਸੀ ਮਿੱਤਰੋ,

ਟਾਲ਼ੀ ਸੀ, ਸਕਿਆ ਟਾਲ਼ ਜਿੰਨੀ।

ਤੇ ਹੁਣ ਓਹ ਸਾਹ, ਬਣ ਚੁੱਕੀ ਏ,

ਜ਼ਿੰਦਗੀ ਉਹਦੇ, ਖ਼ਯਾਲ ਜਿੰਨੀ।

ਅੱਖਾਂ ਚਕਾਚੌਂਧ, ਦਿਲੀ ਹੈਰਾਨੀ,

ਕਰੀ ਪਈ ਓਸ, ਕਮਾਲ ਜਿੰਨੀ।

ਹੋਰ ਕੋਈ ਸ਼ੈਅ, ਨਹੀਂਓ ਕਰਦੀ,

ਏ ਇਸ਼ਕ ਜ਼ਿੰਦੂ, ਬੇਹਾਲ ਜਿੰਨੀ।

'ਸਾਹਿਬ' ਮੀਆਂ, ਜ਼ਿੰਦੀ ਗੁੰਝਲ,

ਗਣਿਤ ਦੇ ਕਿਸੇ, ਸਵਾਲ ਜਿੰਨੀ।



**ਸਾਹਿਬਜੀਤ ਸਿੰਘ**

**ਬੀ. ਏ.**

# ਕੈਦ ਕਰਲੋ

ਕੈਦ ਕਰਲੋ ਮੈਨੂੰ ਵਿਚ ਪਿੰਜਰੇ,

ਮੈਨੂੰ ਉੱਡਣ ਨਾ ਦਿਓ ਬਾਹਰ,

ਵੇਖ ਰੁੱਤਾਂ ਬਹਾਰਾਂ ਜਹਾਨ ਦੀਆਂ,

ਮੇਰੀ ਝੋਲੀ ਪਾ ਦਿਓ ਖ਼ੈਰ,

ਕੈਦ ਕਰਲੋ ਮੈਨੂੰ ਵਿਚ ਪਿੰਜਰੇ,

ਮੈਨੂੰ ਉੱਡਣ ਨਾ ਦਿਓ ਬਾਹਰ।

ਮੇਰੇ ਸਾਹ ਵੀ ਨੇ ਗ਼ੁਲਾਮ ਤੇਰੇ,

ਮੇਰੇ ਹਿਜ਼ਰ 'ਚ ਬਲਦੀ ਲਾਟ,

ਕਿਉਂ ਕਰਾਂ ਜੀਣ ਲਈ ਤਰਲੇ ਤੇਰੇ,

ਲੱਭ ਕਿਨਾਰਾ ਲਾ ਦਿਓ ਪਾਰ,

ਕੈਦ ਕਰਲੋ ਮੈਨੂੰ ਵਿਚ ਪਿੰਜਰੇ,

ਮੈਨੂੰ ਉੱਡਣ ਨਾ ਦਿਓ ਬਾਹਰ।



**ਰਣਜੀਤ ਕੌਰ**

**ਐੱਮ. ਏ. ਪੰਜਾਬੀ**

# ਸ਼ਾਮ ਰੰਗਿਆ

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ,

ਕਿਉਂ ਸੂਲੀ ਉੱਤੇ ਟੰਗਿਆ,

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ।

ਇੱਕ ਨਿੱਕਾ ਜਿਹਾ ਖ਼ੁਆਬ ਏ,

ਵਾਦੀਆਂ 'ਚ ਘਰ ਹੋਵੇ,

ਮੁਆਫ਼ ਕਰਾਂ ਤੇਰੇ ਪਾਪ ਮੈਂ,

ਜੇ ਗੱਲ ਮੇਰੀ ਤੈਥੋਂ ਜ਼ਰ ਹੋਵੇ,

ਅਜੇ ਉਮਰ ਬਹੁਤ ਲੰਮੀ ਏ,

ਸਮਾਂ ਕੁਝ ਵੀ ਨਾ ਲੰਘਿਆ,

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ।

ਮੈਂ ਕੀਤੀਆਂ ਗਲਤੀਆਂ ਬਥੇਰੀਆਂ,

ਨਾਲੇ ਯਾਦ ਮੈਨੂੰ ਤੇਰੀਆਂ,

ਕਿਸੇ ਹੋਰ ਤੇ ਨਾ ਆਸ ਰੱਖੀ,

ਉਮੀਦਾਂ ਤੇਰੇ ਉੱਤੋਂ ਫੇਰੀਆਂ,

ਜੇ ਮੈਂ ਵੈਸ਼ ਵਸ਼ੈਲੀ,

ਤੂੰ ਮੇਰੇ ਪਿਆਰ ਦਾ ਏ ਡੰਗਿਆ,

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ।

ਬਸ ਤੇਰਾ ਪਿਆਰ ਮਿਲ ਜਾਵੇ,

ਹੋਰ ਕੁਝ ਵੀ ਨੀ ਚਾਹੀਦਾ,

ਮੈਂ ਰਾਤ ਬਣ ਜਾਵਾਂ,

ਤੇ ਤੂੰ ਚੰਨ ਇਸ ਮਾਨਵੀ ਦਾ,

ਜੇ ਮੈਂ ਗੂੜਾ ਰੰਗ ਬਣਾ,

ਤਾਂ ਤੂੰ ਇਸ ਵਿੱਚ ਭੰਗਿਆ,

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ।

ਜੋ ਸੱਜਣ ਮੈਨੂੰ ਜਾਣਦੇ,

ਬਸ ਬਾਹਰੋਂ ਹੀ ਪਛਾਣਦੇ,

ਕੀ ਤੂੰ ਵੀ ਜਾਣ ਪਾਇਆ ਨਾ,

ਮੇਰੇ ਤਨ ਨੂੰ ਹੀ ਮਾਣਦੇ,

ਜੇ ਮੈਂ ਰੋਸ ਦਿਖਾਇਆ ਨਾ,

ਨਾ ਤੂੰ ਵੀ ਕਦੇ ਸੰਗਿਆ,

ਵੇ ਸ਼ਾਮ ਰੰਗਿਆ,

ਮੈਂ ਕੀ ਏ ਤੈਥੋਂ ਮੰਗਿਆ।

ਮਾਨਵੀ ਸ਼ਰਮਾ

ਬੀ. ਐਸ. ਸੀ. ਮੈਡੀਕਲ

ਤੀਜਾ ਸਾਲ



# ਫ਼ਾ-ਕਮਾਨੇ

ਕਿ ਬਾਰਸ਼ਾਂ ਹੋਈਆਂ ਨੇ ਬੰਜ਼ਰ ਜ਼ਮੀਨ ‘ਤੇ
ਨਜ਼ਰ ਗਈ ਜਦੋਂ ਮੇਰੀ ਚਿਹਰੇ ਹਸੀਨ ‘ਤੇ।

ਮੁਰਦੇ ‘ਚ ਜਾਨ ਫੂਕ ਗਈ ਮੁਸਕਾਨ ਓਹਦੀ
ਅਰਸੇ ਪਿੱਛੋਂ ਰਹਿਮਤ ਹੋਗੀ ਕਿਸੇ ਹੀਣ ‘ਤੇ।

ਜ਼ੁਲਫ਼ਾਂ ਹਨੇਰੀ ਰਾਤ ਜਿੰਨਾ ਹੈ ਸਕੂਨ ਦਿੱਤਾ
ਨੈਣਾਂ ਚਾਨਣੀ ਫੈਲਾਈ ਵਿਹੜੇ ਗ਼ਮਗੀਨ ‘ਤੇ।

ਹੋਠਾਂ ਬੋਲਿਆ ਪ੍ਰੀਤ ਚਾਹਤ ਖ਼ੁਦਾ ਵਾਲੀ ਹੋਗੀ
ਤੀਰ ਸਾਧ ਕੇ ਲਗਾਇਆ ਕੁਹੀ ਸ਼ਾਹੀਨ ‘ਤੇ।

ਨੱਕ ਧੌਣ ਹਿੱਕ ਲੱਕ ਕੱਦ ਇਨ ਬਿਨ ਨੇ ਸਟੀਕ
ਜੜਤ ਨਕਸ਼ਾਂ ਦੀ ਨਾ ਦੇਖੀ ਕਿਸੇ ਮਦੀਨ ‘ਤੇ।

ਲੱਖ ਹਾਰ ਹਾਰ ਥੱਕੇ ਲਿਲਾਰੀ ਨੇ ਜਹਾਨ ਦੇ
ਰੰਗ ਚਾੜ ਨਾ ਸਕੇ ਫ਼ਾ-ਕਮਾਨੇ ਰੰਗੀਨ ‘ਤੇ।



**ਪ੍ਰੀਤ ਸਿੰਘ ਭੈਣੀ**
**ਐੱਮ. ਏ. ਪੰਜਾਬੀ.**

# ਮੱਥਾ

ਤੁਰੇ ਜਾਂਦੇ ਰਾਹੀਂ ਨੂੰ ਸਵਾਲ ਇੱਕ ਕਰ ਬੈਠਾ

ਕਿੱਥੇ ਚੱਲਾਂ, ਚਾਲ ਕਾਹਤੋਂ ਏਨੀ ਤੇਜ ਫੜੀ ਏ

ਜਾਣਾ ਕਿੱਥੇ ਲੱਭੇ ਨਾ ਟਿਕਾਣਾ ਕੋਈ ਜਾਣ ਵਾਲਾ

ਜਾਣ ਵਾਲੀ ਹੀ ਤਾਂ ਬਸ ਗੱਲ ਅੜੀ ਪਈ ਏ

ਗਿਆ ਸੀ ਮੈਂ ਉਥੇ ਜਿੱਥੇ ਵੱਡੀ ਸਾਰੀ ਕਤਾਰ ਲੱਗੀ

ਵੇਖ ਕੇ ਕਤਾਰ ਮੈਂ ਕਤਾਰ ਵਿੱਚ ਲੱਗਿਆ

ਖ਼ੈਰ ਹੋ ਜਾਵੇ ਕਿਤੇ ਮੇਰੀ ਵੀ ੳ ਪੂਰੀ ਮੰਗ

ਚੁੱਪ ਕੀਤੇ ਜਿਹੇ ਮੈਂ ਵੀ ਕੁਝ ਮਨ ਵਿਚ ਮੰਗਿਆ

ਵੇਖ ਫਰਿਆਦੀ ਨੇੜੇ ਹੱਥ ਵਿਚ ਵੱਡਾ ਨੋਟ

ਖੋਟਾ ਸਿੱਕਾ ਵੇਖ ਮੈਂ ਵੀ ਮਨ ਵਿੱਚ ਝੂਰਿਆ

ਜੋ ਹੈਗਾ ਮੈਂ ਵੀ ਹਾਂ ਲਿਆਇਆ ਤੇਰੇ ਦਰ ਉਤੇ

ਥੋੜ੍ਹਾ ਏ ਜਾਂ ਬਹੁਤਾ ਪਰ ਮੇਰਾ ਕੀ ਕਸੂਰ ਆ

ਝਪਕ ਕੇ ਪਲਕ ਜਦ ਨਿਗ੍ਹਾ ਮਾਰੀ ਤਨ ਉੱਤੇ

ਲੱਗੀਆਂ ਸੀ ਟਾਕੀਆਂ ਜੋ ਕੁੜਤਾ ਮੈਂ ਪਾਇਆ ਸੀ

ਮੱਥਾ ਟੇਕਣ ਸਾਂ ਆਇਆ ਮੱਥੇ ਹੱਥ ਮਾਰ ਆਖਾਂ

ਇਹ ਕੀ ਏ ਦਾਤਾ ਜੋ ਮੇਰੇ ਮੱਥੇ ਪਾਇਆ ਈ

ਮੱਥਾ ਟੇਕਣ ਸਾਂ ਆਇਆ ਪਰ ਮੱਥਾ ਨਹੀਂ ਟਿਕਿਆ

ਛੇਤੀ ਕੀਤੇ ਪੈਰ ਮੈਂ ਪਿਛਾਂਹ ਨੂੰ ਹਟਾਇਆ ਈ

ਕਾਗਜ਼ ਦੇ ਨੋਟਾਂ ਵਿੱਚ ਸੁੱਟਿਆ ਮੈਂ ਖੋਟਾ ਸਿੱਕਾ


ਆਗੂ ਝੱਟ ਅੱਗੇ ਹੋਇਆ ਇਹ ਭੇਟਾ ਕੀ ਚੜ੍ਹਾਇਆ ਈ

ਤੁਰੇ ਜਾਂਦੇ ਰਾਹੀ ਨੇ ਜਵਾਬ ਮੈਨੂੰ ਇਹ ਦਿੱਤਾ

ਨੋਟਾਂ ਨਾਲ ਤੋਲਦੇ ਨੇ ਜਿੰਨੇਂ ਨੋਟਾਂ ਨੂੰ ਬਣਾਇਆ ਈ

**ਉਂਕਾਰ ਸਿੰਘ**

**ਐੱਮ. ਏ. ਪੰਜਾਬੀ**



# ਹਾਲ ਬੜਾ ਈ ਮਾੜਾ

ਹਾਲ ਬੜਾ ਈ ਮਾੜਾ ਕਹਿੰਦੇ,
ਜੋ ਵੀ ਮੇਰੇ ਕੋਲ ਨੇ ਬਹਿੰਦੇ।
ਹੱਥ ਖੜਾਤੇ ਵੈਦ ਹਕੀਮਾਂ,
ਤੇਰੇ ਕੋਲ ਹੀ ਲੈਜੋ ਕਹਿੰਦੇ।

ਉੱਠਣ ਬੈਠਣ ਜਾਗਣ ਸੋਏ,
ਤੇਰੀਆਂ ਯਾਦਾਂ ਦੇ ਵਿੱਚ ਖੋਏ।
ਇਉਂ ਜੀਣਾ ਕੋਈ ਜੀਣਾ ਮੇਰਾ,
ਜੀਂਦਾ ਹਾਂ ਮੈਂ ਵਾਂਗਰ ਮੋਏ।

ਕਰਲੈ ਸੱਜਣਾਂ ਜੋ ਵੀ ਕਰਨਾ,
ਮੇਰਾ ਤੇਰੇ ਬਿਨਾਂ ਨਾ ਸਰਨਾ।
ਏਹ ਫੱਟ ਹੈ ਜੋ ਇਸ਼ਕੇ ਦਾ,
ਏ ਤਾਂ ਤੇਰੇ ਆਇਆਂ ਭਰਨਾ।

ਤੇਰੇ ਘਰ ਦੀ ਲੀਕ ਨਈਂ ਹੋਣਾ,

ਮੁਹੱਬਤਾਂ ਦਾ ਤਸਦੀਕ ਨਈਂ ਹੋਣਾ,

ਜਿਨ੍ਹਾਂ ਚਿਰ ਤੂੰ ਆਵੇਂ ਨਾ,

ਠੀਕ ਮੈਂ ਓਨਾ ਤੀਕ ਨਈਂ ਹੋਣਾ।

ਤੇਰੇ ਕੋਲੋਂ ਕੋਈ ਪਰਦੇ ਨਈਂ,

ਲੋਕੀ ਪਿਆਰ ਨੂੰ ਜਰਦੇ ਨਈਂ।

ਸੱਲ ਜੋ ਇਸ਼ਕੇ ਦੇ ਹੁੰਦੇ ਨੇ,

ਵੈਦਾਂ ਕੋਲੋਂ ਭਰਦੇ ਨਈਂ।



**ਸਤਨਾਮ ਸਿੰਘ ਵੇਰਕਾ**

**ਬੀ. ਏ.**

# ਗਾਲ੍ਹੜ





ਅਮਨਦੀਪ ਕੌਰ

ਬੀ. ਏ. ਦੂਜਾ ਸਾਲ

# ਅਸੀਂ ਤੈਨੂੰ ਹਾਰ ਗਏ

ਏ ਗੱਲ ਦੱਸ ਕਿਵੇਂ ਜਰੀਏ,

ਤੂੰ ਛੱਡ ਕੇ ਤੁਰ ਜਾਣਾ ਅੜੀਏ।

ਰਾਹ ਜਿੰਨਾਂ ਲਈ ਸਿਜਾਏ ਫੁੱਲਾਂ ਨਾ,

ਉਹ ਠੋਕਰਾ ਹੀ ਮਾਰ ਗਏ।

ਜੱਗ ਜਿੱਤਿਆਂ ਵੀ ਫਿਰ ਕਿਸੇ ਕੰਮ ਦਾ ਨੀਂ,

ਜੇ ਅਸੀਂ ਤੈਨੂੰ ਹਾਰ ਗਏ।

ਲੋਕਾਂ ਤੋਂ ਲੁਕਾ ਕੇ ਰੱਖੀ ਗੱਲ ਮੈਂ,

ਅੱਜ ਵੀ ਹਨੇਰਿਆਂ ਤੋਂ ਡਰ ਲੱਗਦਾ।

ਤੇਰੀ ਯਾਦ ਬੰਨ੍ਹ ਬਣਕੇ ਆ ਰੋਕਦੀ,

ਨੀਂ ਜਦੋਂ ਕਿਤੇ ਹੰਝੂਆਂ ਦਾ ਹੜ੍ਹ ਲੱਗਦਾ।

ਪਲਕਾ ਤੇ ਬਿਠਾਕੇ ਅਸੀਂ ਰੱਖਿਆ,

ਓਹ ਦਿਲੋਂ ਹੀ ਉਤਾਰ ਗਏ।

ਜੱਗ ਜਿੱਤਿਆਂ ਵੀ ਫਿਰ ਕਿਸੇ ਕੰਮ ਦਾ ਨੀਂ,

ਜੇ ਅਸੀਂ ਤੈਨੂੰ ਹਾਰ ਗਏ।

ਪੱਲੇ ਸਾਡੇ ਬੱਚਣਾ ਨਾ ਕੱਖ ਨੀਂ,

ਭਾਵੇਂ ਸਾਨੂੰ ਹੀਰਿਆਂ ਦੀ ਖਾਨ ਲੱਭਜੇ।

ਤੇਰੀ ਛੋਹ ਸਾਡੇ ਲਈ ਇੰਞ ਸੱਜਣਾ,

ਕਿਸੇ ਮਰੇ ਜਿਵੇਂ ਕੋਈ ਪ੍ਰਾਣ ਲੱਭਜੇ।

ਹੋਰ ਕਿਸੇ ਕੀਹਦੇ ਯਕੀਨ ਦੱਸ ਕਰੀਏ ,

ਹੋ ਝੂਠੇ ਪਰਵਰਦਿਗਾਰ ਗਏ।

ਜੱਗ ਜਿੱਤਿਆਂ ਵੀ ਫਿਰ ਕਿਸੇ ਕੰਮ ਦਾ ਨੀਂ

ਜੇ ਅਸੀਂ ਤੈਨੂੰ ਹਾਰ ਗਏ।

**ਸੁਖਬੀਰ ਸੋਨਾ**

**ਐੱਮ. ਏ. ਪੰਜਾਬੀ**



# ਸੱਜਣਾ ਮੈਂਡਿਆ

ਸੱਜਣਾ ਮੈਂਡਿਆ ਮੁੱਖ ਨਾ ਮੋੜੀਂ।
ਸਾਡੀ ਲੱਗੀ ਪ੍ਰੀਤੀ ਨਾ ਤੋੜੀਂ।

ਅੱਖਰ ਨਾ' ਅੱਖਰ ਨਾ ਮਿਲਾਈਂ,
ਪਰ ਮੇਰੀ ਚੁੱਪ ਨਾ' ਚੁੱਪ ਤੂੰ ਜੋੜੀਂ।

ਸਾਨੂੰ ਕਰ ਲੈ ਆਪਣਾ ਮਹਿਰਮਾ,
ਇੱਕ ਪਲ ਲਈ ਵੀ ਨਾ ਵਿਛੋੜੀਂ।

ਵੇ ਦੂਰੋਂ ਹੀ ਜਾਣ ਲਈ ਸਾਡੀ ਹਾਲਤ,
ਵੇਖ ਕੇ ਦੁੱਖ 'ਚ ਕਰ ਲਈਂ ਬੋਹੁੜੀ।

ਮੈਂ ਤਾਂ ਪਿਆਰਿਆ ਤੈਨੂੰ ਕਰਾਂ ਬੇਹੱਦ,
ਤੂੰ ਵੀ ਕਰ ਲੈ ਮੁਹੱਬਤ ਮੈਨੂੰ ਥੋੜੀ।



ਇਸ਼ੀਕਾ
ਐੱਮ. ਏ. ਪੰਜਾਬੀ

# ਕਾਸ਼ਨੀ ਫੁੱਲ

ਗੱਲਾਂ ਜੋ ਮੈਂ ਕਰਨ ਲੱਗੀ,

ਬਹੁਤੀਆਂ ਇਹ ਖਾਸ ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਇਹ ਖਿੜਦੇ ਸਦਾ ਬਹਾਰ ਵਿਚ,

ਕਿਉਂ ਪੱਤਝੜ ਇਹਨੂੰ ਰਾਸ ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਇਹ ਪਿੱਪਲਾਂ ਤੇ ਬੋਹੜਾਂ ਦੀ,

ਕਿਉਂ ਠੰਢੀ ਲੱਗੇ ਛਾਂ ਨੀ,

ਕਿੱਥੋਂ ਆਈ ਇਹ ਸਰਸਰ ਕਰਦੀ,

ਜਿਵੇਂ ਲੋਰੀਆਂ ਸੁਣਾਵੇ ਮਾਂ ਨੀ,

ਕੀ ਰੋਸ ਚੰਨ ਤੇ ਸੂਰਜ ਦਾ,

ਜੋ ਰਹਿੰਦੇ ਨਾ ਇਹ ਪਾਸ ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਪਪੀਹਾ ਕਿਉਂ ਕਰਦਾ ਪੀ-ਪੀ,

ਕੋਇਲ ਕਿਉਂ ਕੂਕਦੀ ਏ,

ਮੋਰਾਂ ਦੇ ਪੰਖਾਂ ਉੱਪਰ,

ਇਹ ਰੰਗ ਕੌਣ ਉਲੀਕਦੀ ਏ,

ਇੰਨੇ ਸਖਤ ਨਾਰੀਅਲ ਅੰਦਰ,

ਕਿਹਨੇ ਭਰੀ ਮਿਠਾਸ ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਇਹ ਪਾਣੀ ਕਿਉਂ ਠਹਿਰਦਾ ਨਾ,

ਕਿਹਨੂੰ ਮਿਲਣ ਇਹਨੇ ਜਾਣਾ ਏ,

ਸਮੁੰਦਰ ਦੀਆਂ ਲਹਿਰਾਂ ਦਾ,

ਕੀ ਹੋਰ ਵੀ ਕੋਈ ਟਿਕਾਣਾ ਏ,

ਕੀ ਪਰਬਤ ਵੀ ਕਦੇ ਚੱਲਦੇ ਨੇ,

ਇਹਦਾ ਕੋਈ ਅਹਿਸਾਸ ਨਹੀਂ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਰੰਗ-ਬਰੰਗੇ ਗੁਲਾਬ ਤਾਂ ਹੁੰਦੇ,

ਪੱਤਿਆਂ ਦੇ ਕਿਉਂ ਰੰਗ ਨਹੀਂ,

ਚੰਪਾ-ਚੰਮੇਲੀ ਖੁਸ਼ਬੂ ਦੀਆਂ ਰਾਣੀਆਂ,

ਕਿਉਂ ਗੇਂਦਾ ਇਨ੍ਹਾਂ ਦੇ ਸੰਗ ਨਹੀਂ,

ਕਮਲ ਤਾਂ ਉੱਗਦਾ ਚਿੱਕੜ ਵਿਚ ਹੀ,

ਕਿਉਂ ਥੁੜ੍ਹਾਂ ਨੂੰ ਕੋਈ ਪਿਆਸ ਨੀਂ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਤਰ੍ਹਾਂ-ਤਰ੍ਹਾਂ ਦੇ ਰੰਗ ਨੇ ਏਥੇ,

ਇਹ ਦੁਨੀਆ ਕੀ ਪਸਾਰਾ ਏ,

ਵੱਡੀ ਮੱਛੀ ਛੋਟੀ ਨੂੰ ਖਾਵੇ,

ਇਹ ਕਿਹੋ ਜਿਹਾ ਵਰਤਾਰਾ ਏ,

ਹਿਰਨ ਤਾਂ ਖਾਂਦਾ ਘਾਹ ਜੇਕਰ,

ਸ਼ੇਰ ਕਿਉਂ ਖਾਂਦਾ ਮਾਸ ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਉਮਰ ਬੀਤੇ ਕਿਉਂ ਬਚਪਨ ਪਿਆਰਾ ਲੱਗੇ,

ਪਿਤਾ ਸਿਰ ਜਿੰਮੇਵਾਰੀ ਦਾ ਭਾਰਾ ਲੱਗੇ,

ਲੱਖ ਲੜ ਲਉ ਭੈਣ ਭਰਾਵਾਂ ਨਾਲ,

ਫਿਰ ਵੀ ਕਿਉਂ ਰਿਸ਼ਤਾ ਨਿਆਰਾ ਲੱਗੇ,

ਮਾਂ ਦੇ ਦੁੱਧ ਵਿਚ ਹੀ ਜੋ ਸਬਰ ਹੁੰਦਾ,

ਕਿਉਂ ਹੁੰਦਾ ਨਾ ਵਿਚ ਮਿੱਠੀ ਚਾਸ਼ਨੀ,

ਧਰੇਕ ਦੇ ਬੂਟਿਆਂ ਦੇ,

ਕਿਉਂ ਫੁੱਲ ਹੁੰਦੇ ਕਾਸ਼ਨੀ?

ਅਵਰੀਨ ਕੌਰ

ਬਾਇਓ. ਟਕਨਾਲਜ਼ੀ.

ਤੀਜਾ ਸਾਲ



# ਤੂੰ ਮੈਂ

ਖੇਰੂੰ-ਖੇਰੂੰ ਕਰ ਦਿੱਤੇ ਬਿਰਹੜੇ,

ਇਹ ਜੋਬਨ ਸਨ ਜੋ ਫੁੱਲ।

ਤੂੰ ਤੁਰ ਗਇਓਂ ਮੇਰੇ ਪਿਰਹੜੇ,

ਕੀ ਹੋ ਗਈ ਸਾਥੋਂ ਭੁੱਲ?

ਮੇਰੇ ਕੋਲੋਂ ਪ੍ਰੀਤਮਾ ਤੁਰ ਗਿਆ,

ਅਪਨਾ ਹੱਥ ਸਾਥੋਂ ਛੁਡਾ ਕੇ।

ਸਾਡਾ ਬਦਨ ਜਿਹਾ ਖੁਰ ਗਿਆ,

ਤੇਰੇ ਵਿਛੋੜੇ 'ਚ ਹੰਝੂ ਵਹਾ ਕੇ।

ਸਾਨੂੰ ਆਣ ਹੈ ਘੇਰਿਆ 'ਨੇਰਿਆਂ,

ਹੁਣ ਮੁੱਕੀ ਰੌਸ਼ਨੀ ਦੀ ਆਸ ਵੇ।

ਬਿਰਧ ਦੱਸਿਆ ਮੁਰੀਦਾਂ ਤੇਰਿਆਂ,

ਤੇਰਾ ਦਰਸ ਮਿਟਾਉਂਦੈ ਪਿਆਸ ਵੇ।

ਜੇ ਤੂੰ ਮੈਂ ਮੇਰੀ ਨੂੰ ਤੂੰ ਹੀ ਕਰ ਲੈਂ,

ਮੇਰੇ ਸਾਹਿਬ ਬਣਾ ਲੈ ਤੇਰਾ।

ਕਲਾਵੇ ਅਪਨੇ 'ਚ ਸਾਨੂੰ ਭਰ ਲੈ

ਤਾਂ ਸਫ਼ਲਾ ਹੋਊ ਆਵਣਾ ਮੇਰਾ।

**ਸਤਿੰਦਰ ਕੌਰ**

**ਬੀ. ਏ. ਦੂਜਾ ਸਾਲ**



# ਮਾਪੇ

ਮਾਪੇ ਹੀ ਰੱਬ ਹੁੰਦੇ ਨੇ

ਮਾਪਿਆਂ ਦਾ ਕਰੋ ਸਤਿਕਾਰ,

ਜ਼ਿੰਦਗੀ 'ਚ ਹਰ ਚੀਜ਼ ਮਿਲ ਜਾਂਦੀ ਏ

ਪਰ ਮਾਪੇ ਨਹੀਂ ਮਿਲਦੇ ਵਾਰ ਵਾਰ।

ਨਿੱਕਿਆਂ ਹੁੰਦੇ ਲਾਡ- ਲਡਾਉਂਦੇ

ਜੋ ਚੀਜ਼ ਮੰਗੀਏ ਨਾ ਕਰਦੇ ਇਨਕਾਰ,

ਜ਼ਿੰਦਗੀ 'ਚ ਹਰ ਚੀਜ਼ ਮਿਲ ਜਾਂਦੀ ਏ

ਪਰ ਮਾਪੇ ਨਹੀਂ ਮਿਲਦੇ ਵਾਰ ਵਾਰ।

ਆਪਣਾ ਸਭ ਕੁਝ ਦਾਅ 'ਤੇ ਲਾ ਦਿੰਦੇ

ਬੱਚਿਆਂ ਦੇ ਜੀਵਨ ਨੂੰ ਲਾਉਣ ਲਈ ਪਾਰ,

ਜ਼ਿੰਦਗੀ' ਚ ਹਰ ਚੀਜ਼ ਮਿਲ ਜਾਂਦੀ ਏ

ਪਰ ਮਾਪੇ ਨਹੀਂ ਮਿਲਦੇ ਵਾਰ ਵਾਰ।

ਸਦਾ ਮਾਪਿਆਂ ਨੂੰ ਸੀਸ ਨਿਵਾਓ

ਨਾ ਪਾਓ ਉਹਨਾਂ ਨਾਲ ਤਕਰਾਰ,

ਜ਼ਿੰਦਗੀ 'ਚ ਹਰ ਚੀਜ਼ ਮਿਲ ਜਾਂਦੀ ਏ

ਪਰ ਮਾਪੇ ਨਹੀਂ ਮਿਲਦੇ ਵਾਰ ਵਾਰ।

ਜਿੱਥੇ ਮਾਪੇ ਨੇ ਖੜ੍ਹਦੇ

ਓਥੇ ਕੋਈ ਨਾ ਖੜ੍ਹਦਾ ਸੁਣ ਲਓ ਮੇਰੇ ਯਾਰ,

ਜ਼ਿੰਦਗੀ 'ਚ ਹਰ ਚੀਜ਼ ਮਿਲ ਜਾਂਦੀ ਏ

ਪਰ ਮਾਪੇ ਨਹੀਂ ਮਿਲਦੇ ਵਾਰ ਵਾਰ।

**ਮਨੀਸ਼ਾ ਰਾਣੀ**

**ਬੀ.ਏ,**



# ਹੱਸੀ ਜਾ

ਮੌਨ ਰਹਿ ਕੇ ਤੱਕੀ ਜਾ

ਦੁਨੀਆਂ ਦੇਖ ਕੇ ਹੱਸੀ ਜਾ

ਵਾਰੋ ਵਾਰੀ ਤੁਰ ਜਾਣਾ ਏ

ਐਵੇਂ ਈ ਨਾ ਤੂੰ ਮੱਚੀ ਜਾ

ਤੁਰ ਗੇ ਨੇ ਸੱਜਣ ਇਥੋਂ

ਵਾਰੀ ਤੇਰੀ ਵੀ ਆ ਜਾਣੀ

ਤੇਰੇ ਹੀ ਆਪਣਿਆਂ ਨੇ

ਤੈਨੂੰ ਅੱਗ ਵੀ ਲਾ ਜਾਣੀ

ਸੰਭਲ ਸੰਭਲ ਕੇ ਪੈਰ ਤੂੰ ਧਰ ਲੈ

ਔਖਾ ਪੰਧ ਮਕਾਉਣਾ ਏ

ਕੋਈ ਵੀ ਇੱਥੇ ਬਚ ਨਹੀਂ ਸਕਦਾ

ਜਮਾਂ ਨੇ ਆਣ ਸਤਾਉਣਾ ਏ

ਆਪਣੀਆਂ ਤੂੰ ਬੁਰਕੀਆਂ ਕੱਢ ਕੇ

ਜਿੰਨਾਂ ਦੇ ਮੁਖ ਵਿਚ ਪਾਉਨਾ ਏ

ਇਹਨਾਂ ਨੇ ਹੀ ਇਕ ਦਿਨ ਤੈਨੂੰ

ਆਪੇ ਲਾਂਬੂ ਲਾਉਣਾ ਏ

ਕੀ ਕਰੇਂਗਾ ਮਹਿਲ ਮਾੜੀਆਂ

ਸਭ ਇਥੇ ਹੀ ਰਹਿਣਗੀਆਂ

ਤੇਰੀਆਂ ਸੰਤਾਨਾ ਪਿਛੇ

ਇਸ 'ਚੋ ਹਿਸੇ ਲੈਣਗੀਆਂ

ਕੂੜ ਦੀਆਂ ਇਹ ਅੱਗਾਂ ਵਿਚੋਂ

ਮਿਹਨਤ ਕਰਕੇ ਬੱਚੀ ਜਾ

ਮੌਨ ਰਹਿ ਕੇ ਤੱਕੀ ਜਾ

ਦੁਨੀਆਂ ਦੇਖ ਕੇ ਹੱਸੀ ਜਾ

ਸਹਿਬਾਜਦੀਪ ਸਿੰਘ ਗੁਲਸ਼ਨ

ਐੱਮ. ਏ. ਪੰਜਾਬੀ



# ਸਫ਼ਰ ਸੁਹਾਵਣੇ

ਸਫ਼ਰ ਸੁਹਾਵਣੇ ਲੱਗਦੇ ਜੇ,

ਸੱਜਣ ਨਾਲ਼ ਹੋਏ।

ਤੇ ਉੱਤੋਂ ਕਿਸੇ ਮੰਜ਼ਿਲ ਦੀ ਨਾ,

ਕੋਈ ਭਾਲ਼ ਹੋਏ।

ਤੁਰਦੇ ਜਾਈਏ ਕਦਮਾਂ ਸੰਗ,

ਕਦਮ ਮਿਲਾ ਕੇ,

ਫੇਰ ਕਿੱਥੇ ਜੀਅ ਹੈ ਕਰਦਾ,

ਰੁਕਣ ਰੁਕਾਵਣ ਨੂੰ।

ਮਹਿਰਮ ਦੇ ਹੱਥ ਫੜਕੇ,

ਜੇ ਨਿਕਲੀਏ ਸਫ਼ਰਾਂ 'ਤੇ,

ਫਿਰ ਤਾਂ ਜੀ ਦਿਲ ਕਰੇਂ,

ਨਾ ਸਫ਼ਰ ਮੁਕਾਵਣ ਨੂੰ।

ਹਰਲੀਨ ਕੌਰ

ਬਾਇਓ. ਟਕਨਾਲਜ਼ੀ.

ਤੀਜਾ ਸਾਲ



# ਤੇਰੀ ਬਰਕਤ

ਤੇਰੇ ਨਾਲ ਜ਼ਿੰਦਗੀ ਜੀ ਰਿਹਾ ਸੀ

ਹੁਣ ਜ਼ਿੰਦਗੀ ਕੱਟ ਰਿਹਾ ਹਾਂ।

ਤੇਰੀ ਅੱਖਾਂ ਵਿਚ ਵੱਸਿਆ ਸੀ

ਹੁਣ ਵੀ ਸ਼ਾਇਦ ਲੱਭ ਰਿਹਾ ਹਾਂ

ਤੇਰੇ ਤੋਂ ਪਰਾ ਕੁਛ ਨਹੀਂ ਦਿਖਦਾ

ਹੌਲੀ ਹੌਲੀ ਮਿੱਟ ਰਿਹਾ ਹਾਂ

ਦੀਵੇ ਵਾਂਗੂੰ ਜੱਗਦਾ ਹੁੰਦਾ ਸੀ।

ਹੁਣ ਹੌਲੀ ਹੌਲੀ ਬੁੱਝ ਰਿਹਾ ਹਾਂ

ਤੇਰੀ ਅੱਖਾਂ ਵਿੱਚ ਡੁੱਬਿਆ ਸੀ।

ਸ਼ੌਕ ਸਮੁੰਦਰੇ ਮੁੱਕ ਰਿਹਾ ਹਾਂ।

ਕੋਈ ਡਾਕੂ ਮੈਨੂੰ ਕੀ ਲੁੱਟਦਾ ?

ਆਪਣੇ ਆਪ ਨੂੰ ਮੈ ਲੁੱਟ ਰਿਹਾ ਹਾਂ।

ਪਿਆਰ ਤੇਰੇ ਨੇ ਸਭ ਕੁਛ ਦਿੱਤਾ

ਤੇਰੀ ਬਰਕਤ ਅੱਜ ਲਿਖ ਰਿਹਾ।



ਅਰਚਿਤ ਪਾਂਡੇ

ਬੀ. ਏ.

# ਤੂੰ ਜਾਨੋਂ ਪਿਆਰੀ ਏ

ਤੂੰ ਜਾਨੋਂ ਪਿਆਰੀ ਏ,

ਤੈਨੂੰ ਜਾਨੋ ਵੱਧ ਕੇ ਚਾਹੁੰਦਾ ਹਾਂ।

ਮੈਨੂੰ ਸੁਪਨਿਆਂ ਵਿੱਚ ਤੂੰ ਰੋਜ਼ ਦਿਸਦੀ,

ਤੈਨੂੰ ਚੇਤੇ ਕਰਕੇ ਸੌਂਦਾ ਹਾਂ।

ਕੁੜੀ ਤੂੰ ਅਣਭੋਲ ਜਿਹੀ,

ਤੇਰੇ ਭੋਲੇਪਨ ਤੇ ਮਰਦਾ ਹਾਂ।

ਤੇਰਾ ਕਿਹਾ ਰੱਬ ਬਰਾਬਰ ਏ,

ਨਾ ਕੋਈ ,ਆਰਗਯੂ ਕਰਦਾ ਹਾਂ।

ਕਦੇ ਬਾਤਾਂ ਪਾਵੇ ਇਸ਼ਕ ਦੀਆਂ,

ਕਦੇ ਗੁਰੂ ਬਣ ਸਮਝਾਉਂਦੀ ਏ,

ਕਦੇ ਕਦੇ ਲੜ ਵੀ ਪੈਂਦੀ ਏ,

ਉਂਝ ਥੋੜਾ ਥੋੜਾ ਮੈਨੂੰ ਚਾਹੁੰਦੀ ਏ।

ਨਾ ਕੁੱਝ ਕਹਿਣ ਦੀ ਲੋੜ ਮੈਨੂੰ,

ਤੂੰ ਮੇਰੇ ਦਿਲ  ਦੀਆਂ ਜਾਣਦੀ ਏ।

ਮੇਰੇ ਲਈ ਮੇਰਾ ਸਭ ਕੁੱਝ ਆ,

ਜੋ ਕੁੜੀ ਤੂੰ ਮੇਰੇ ਹਾਣ ਦੀ ਏ।

ਮੇਰੇ ਹਾਸਿਆਂ ਵਿੱਚ ਤੂੰ ਹੱਸਦੀ ਏ,

ਤੂੰ ਮੇਰੇ ਦਿਲ ਦੀ ਰਾਣੀ ਆ।

ਪਿਆਰ ਤੇਰੇ ਨਾਲ ਇੰਨਾ,

ਜਿੰਨਾ ਧਰਤੀ ਉੱਤੇ ਪਾਣੀ ਆ।

ਜਦ ਤੱਕ ਮੇਰੇ ਸਾਹ ਚੱਲਦੇ,

ਤੇਰੇ ਲੇਖੇ ਜਿੰਦਗੀ ਲਾ ਦਊਂਗਾ,

ਨਾ ਦੁੱਖ ਨੇੜੇ ਕੋਈ ਆਉਣ ਦੇਣਾ,

ਤੇਰਾ ਆਖਿਆ ਬੋਲ ਪੁਗਾ ਦਊਗਾ।

ਇੱਕ ਰੱਬ ਉੱਤੇ ਜੋ ਦੁਨੀਆਂ ਦਾ,

ਦੂਜਾ ਦਿਲ ਮੇਰੇ ਵਿੱਚ ਰਹਿੰਦਾ ਏ।

ਤੂੰ ਮੇਰਾ ਰੱਬ ਨਾ ਦੂਰ ਕਰੀ ,

ਜਸ਼ਨ ਸੱਚੇ ਰੱਬ ਨੂੰ ਕਹਿੰਦਾ ਏ।

**ਜਸ਼ਨਪ੍ਰੀਤ ਸਿੰਘ**

**ਬੀ. ਏ. ਦੂਜਾ ਸਾਲ**



# ਰੌਸ਼ਨੀ (ਡੀਜ਼ੀਟਲ ਆਰਟ)



ਦਮਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ



# ਯਾਦਾਂ ਤੇਰੀਆਂ

ਸੱਚ ਪੁੱਛੇ ਤਾਂ,

ਤੇਰਾ ਜਿੰਨਾਂ ਕੀਤਾ ਦਿਲ ਤੋਂ ਕੀਤਾ,

ਤੇਰਾ ਜਿੰਨਾਂ ਕੀਤਾ ਦਿਲ ਤੋਂ ਕੀਤਾ।

ਪਤਾ ਨਹੀਂ ਸੀ ਤੂੰ ਮੈਨੂੰ,

ਇੱਕ ਦਿਨ ਛੱਡ ਜਾਏਂਗੀ।

ਮੈਨੂੰ ਤੂੰ ਇੱਕ ਗੱਲ ਸਿਖਾ ਦਿੱਤੀ,

ਕੋਈ ਇੱਥੇ ਆਪਣਾ ਨਹੀਂ ਹੁੰਦਾ,

ਇਹ ਤੂੰ ਦੱਸ  ਦਿੱਤਾ।

ਇਹ ਤੂੰ ਦੱਸ ਦਿੱਤਾ।



ਗੁਰਨੂਰ ਸਿੰਘ ਗੋਰਾਇਆ

ਬੀ. ਵੋਕ. ਫੂਡ ਪਰੋਸੈਸ

ਦੂਜਾ ਸਾਲ

# ਪ੍ਰੀਤ

ਕੋਈ ਰੂਹ ਨੂੰ ਤੱਕਦਾ ਨਈਂ,

ਸਭ ਇਛੁੱਕ ਗੋਰੇ ਚੰਮ ਦੇ ਨੇ।

ਹੁਣ ਚਾਹਤ ਰੂਹ ਦੀ ਨਈਂ,

ਰੌਲ਼ੇ ਹੀ ਸੱਜਣਾ ਤਨ ਦੇ ਨੇ।

ਪਾਕ ਮੁਹੱਬਤ ਗੱਲ ਹਾਸੇ ਦੀ,

ਬਸ ਦਿਖਾਵੇ ਪਾਖੰਡ ਦੇ ਨੇ।

ਅੱਜ ਕੱਲ ਪ੍ਰੀਤ ਹੈ ਉੱਥੇ ਪੈਂਦੀ,


ਓਏ ਜਿੱਥੇ ਭੰਡਾਰੇ ਧਨ ਦੇ ਨੇ।

**ਸੁਖਬੀਰ ਕੌਰ ਬਾਠ**

**ਐੱਮ. ਏ. ਪੰਜਾਬੀ.**



# ਮੈਂ




ਤਰਨ ਕੌਰ

ਬੀ. ਪੀ. ਟੀ.

ਦੂਜਾ ਸਾਲ



# ਹਰ ਜਨਮ ਤੈਨੂੰ ਪਿਆਰ

ਲੰਘ ਨਹੀ ਸਕਦਾ ਇਹਨਾਂ ਗੱਲਾਂ ਤੋਂ ਪਾਰ

ਮੈਂ ਤੇ ਕਰਦਾ ਰਹਾਂਗਾਂ,ਹਰ ਜਨਮ ਤੈਨੂੰ ਪਿਆਰ।

ਮੁਸੀਬਤਾਂ ਦਾ ਆਉਣਾ ਏ ਲਾਜ਼ਮੀ ਮੇਰੇ ਸੱਜਣ,

ਪਰ ਜੋਂ ਨਾਲ ਨਾ ਰਹੇ,ਉਹ ਕਾਹਦਾ ਏ ਯਾਰ ।

ਵੇਖੇ ਨੇ ਆਸ਼ਕ ਪਹਾੜਾਂ ਨੂੰ ਕੱਟਦੇ,ਤੇ ਸੂਲੀ 'ਤੇ ਨੱਚਦੇ।


ਸੀ ਨਾ ਕਰਦੇ ਆਸ਼ਕ,ਭਾਵੇਂ ਤਸੀਹੇ ਝੱਲਣ ਹਜ਼ਾਰ।

ਬੜੀਆਂ ਗੱਲਾਂ ਤੇ ਇਤਬਾਰ,ਨਹੀ ਕੀਤਾ ਜਾ ਸਕਦਾ,

ਇਹ ਰੰਗ ਫਿੱਕਾ ਕਦੇ ਨਾ ਹੋਵੇ,ਜੇ ਦਿਲੋਂ ਕਰੀਏ ਯਾਰ।

**ਮਨਦੀਪ ਸਿੰਘ**

**ਐੱਮ. ਏ. ਪੰਜਾਬੀ**



# ਤੇਰੇ 'ਤੇ ਆਸਾਂ

ਤੇਰੇ 'ਤੇ ਆਸਾਂ ਲਾ ਬੈਠੇ ਆਂ।

ਸਭ ਕੁਝ ਆਪਣਾ ਭੁਲਾ ਬੈਠੇ ਆਂ।

ਕੁਦਰਤ ਵਰਗੀਆਂ ਸੋਹਣੀਏ ਕੁੜੀਏ,

ਤੈਨੂ ਮਨ ਵਸਾ ਬੈਠੇ ਹਾਂ।

ਹੁਣ ਤੂੰਹੀ ਹੈ ਜਿਹਨੂੰ ਚੰਗਾ ਸਮਝਿਆ,

ਬਾਕੀਆਂ ਤੋਂ ਆਸਾਂ ਲਾਹ ਬੈਠੇ ਹਾਂ।

ਦੇਖੀ ਤੂੰ ਵੀ ਧੱਕਾ ਨਾ ਕਰਜੀ

ਜ਼ਿੰਦਗੀ ਤੋਂ ਧੱਕੇ ਖਾ ਬੈਠੇ ਹਾਂ।



**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**

# ਚਾਹੇ ਹੋਣਾ (ਅਟਲ ਸਚਾਈ)

ਚਾਹੇ ਹੋਣਾ ਮੰਨ ਸਫਲ ਜੇ,

ਕ੍ਰੋਧੀ ਬਣਿਆ ਨ ਵੇ ਸਰਨਾ।

ਚਾਹੇ ਹੋਵੇ ਰਾਤ ਅੰਧੇਰਾ,

ਰੱਬੀ ਵਾਣੀ ਖ਼ੁਦਾ ਸਵੇਰਾ।

ਚਾਹੇ ਹੋਵੇ ਮੌਤ ਦਾ ਘੇਰਾ,

ਛੱਡਿਓ ਨਾ ਵੇ ਹਿੰਮਤ ਜੇਰਾ।

ਚਾਹੇ ਹੋਣਾ ਕੱਲ ਪਰਦੇਸਾਂ,

ਭੁੱਲਿਓ ਨਾ ਨ ਵੇ ਦੇਸ ਬਸੇਰਾ।

ਚਾਹੇ ਸਿਖਣਾ ਜੇ ਕੁਛ ਹੋਵੇ,

ਰਿਹਾਸੇ ਬਿੰਨ ਦੇ ਕੁਛ ਨ ਹੋਵੇ।

ਚਾਹੇ ਵੇਲ ਮਰਨ ਦਾ ਆਵੇ,

ਸੰਗ ਇਲਾਹੀ ਪਾਰ ਤੂ ਜਾਵੇ।

ਚਾਹੇ ਕੋਈ ਦੋਸ਼ੀ ਲੱਖ

ਕਰੂ ਖ਼ੁਦਾ ਵੇ ਉਸ ਸੰਗ ਕੱਖ।

ਚਾਹੇ ਕਿੱਤਾ ਚੁਣਨਾ ਹੋਵੇ

ਲੱਭ ਕੇ ਵੇਖੋ ਲੱਭ ਜੇ ਹੋਵੇ।

ਚਾਹੇ ਗੁਣੀ ਵੇ ਲੱਖ ਕਹਲਾਂਵੀ,

ਵੇਖੀਂ ਪਰ ਹੰਕਾਰ ਭਜਾਵੀ।

ਚਾਹੇ ਗ਼ਲਤੀ ਕੀਤੀ ਹੋਵੇ,

ਪਰ ਸੰਗ ਛਿਪਾਵੇ ਰਿੜਕੱਤ ਜਾਵੇ।

ਮਨ 'ਚ ਕਾਲ ਵੀ ਪਾਵੇ,

ਚਾਹੇ ਹੋਣਾ ਮਨ ਸਫ਼ਲ ਜੇ।

ਇਸ ‘ਤੇ ਭਰੋਸਾ ਬਣਾਵੀਂ,

ਜਾਣੋ ਪਹਿਲੋਂ ਏਸ ਧਰਤੀ ਤੋਂ

ਚੰਗੇ ਕਰਮ ਕਮਾਵੀਂ।

**ਲਵਜੀਤ ਸ਼ਰਮਾ**

**ਬੀ. ਵੌਕ. ਤੀਜਾ ਸਾਲ**



# ਚੁੱਪ

ਮੈਂ ਚੁੱਪ ਹੋ ਜਾਵਾਂ ਤਾਂ ਚੰਗਾ ਏ,

ਕੁਝ ਨਾ ਹੀ ਬੋਲਾਂ ਤਾਂ ਚੰਗਾ ਏ।

ਲਫ਼ਜ਼ਾਂ ਵਿੱਚ ਮੈਂ ਉਲਝ ਗਈ ਹਾਂ,

ਗੁੰਝਲਾਂ ਨੂੰ ਸੁਲਝਾਉਣ ਲੱਗੀ ਸੀ।

ਗੁੰਝਲਾਂ ਵਿਚ ਹੀ ਫਸ ਗਈ ਹਾਂ,

ਸ਼ਬਦਾਂ ਨਾਲ ਸਮਝਾਉਣ ਲੱਗੀ ਸੀ।

ਵਿੱਚ ਵਿਚਾਲੇ ਰੁੱਕ ਗਈ ਹਾਂ,

ਮੇਰੇ ਸ਼ਬਦਾਂ ਦੀ ਮੁੱਕੀ ਤਾਕਤ।

ਹੁਣ ਬਸ ਮੈਂ ਥੱਕ ਗਈ ਹਾਂ,

ਸਮਝ ਸਮਝਾਉਣ ਛੱਡ ਕੇ।

ਹੁਣ ਸੁਣਨ ਦੀ ਆਦਤ ਪਾਉਣ ਲੱਗੀ ਹਾਂ,

ਛੱਡ ਦਿੱਤਾ ਹੁਣ ਰੁੱਸਣਾ ਮਨਾਉਣਾ।

ਹੁਣ ਜੀਣ ਦੀ ਆਦਤ ਪਾਉਣ ਲੱਗੀ ਹਾਂ,

ਸੁਪਨੇ ਦੇਖਣੇ ਛੱਡ ਦਿੱਤੇ ਹੁਣ,

ਹਕੀਕਤ ਵਿੱਚ ਜੀਊਣ ਲੱਗੀ ਹਾਂ।

ਬਸ,ਮੈਂ ਚੁੱਪ ਹੋ ਜਾਵਾਂ ਤਾਂ ਚੰਗਾ ਏ,

ਕੁਝ ਨਾ ਹੀ ਬੋਲਾਂ ਤਾਂ ਚੰਗਾ ਏ।



ਅੰਮ੍ਰਿਤਪ੍ਰੀਤ ਕੌਰ

ਬੀ. ਪੀ. ਟੀ. ਦੂਜਾ ਸਾਲ

## ਫੇਰ ਕੀ ਸੀ

ਪਹਿਲਾਂ ਅੱਖਾਂ ਦੇ ਨਾਲ ਅੱਖਾਂ ਮਿਲੀਆਂ

ਸੱਜਣਾ ਨਾਲ ਸੱਜਣ ਦੀ ਮੁਲਾਕਾਤ ਹੋਈ।

ਇਹ ਨਈਂ ਕਿ ਇੱਕ ਤਰਫ਼ਾ ਬਾਤ ਹੋਈ,

ਓਦੋਂ ਸਮਾਂ ਵੀ ਸੀ ਦੋਹਾਂ ਲਈ ਰੁੱਕ ਗਿਆ।

ਫੇਰ ਕੀ ਸੀ?

ਇਸ਼ਕੇ ਨੇ ਇਸ਼ਕ ਨੂੰ ਜਾਤ ਪੁੱਛ ਲਈ,

ਮਸਲਾ ਓਥੇ ਹੀ ਸਾਰਾ ਮੁੱਕ ਗਿਆ।

ਪਰ ਮੁਹੱਬਤ ਕਿੱਥੇ ਜਾਤ ਨੂੰ ਮੰਨਦੀ ਏ,

ਦਿਲ ਤਾਂ ਦਿਲ ਨਾਲ ਲਾਈ ਬੈਠਾ।

ਪਿਆਰ ਕਰ ਬੈਠਾ ਜਾਤ ਭੁਲਾਈ ਬੈਠਾ,

ਡਰ ਦੁਨੀਆਂ ਦਾ ਅੰਦਰ ਲੁੱਕ ਗਿਆ।

ਫੇਰ ਕੀ ਸੀ?

ਇਸ਼ਕੇ ਨੇ ਇਸ਼ਕ ਨੂੰ ਜਾਤ ਪੁੱਛ ਲਈ,

ਫੇਰ ਮਸਲਾ ਓਥੇ ਹੀ ਸਾਰਾ ਮੁੱਕ ਗਿਆ।

ਪਰ ਮੁਹੱਬਤ ਤਾਂ ਰੱਬ ਦੀ ਦਾਤ ਹੈ,

ਦਿਲ ਨੂੰ ਇਹ ਗੱਲ ਨਾ ਰਾਸ ਆਈ।

ਕਿ ਰੱਬ ਨੇ ਪਿਆਰ ਦੀ ਕਿਉਂ ਨੀ ਜਾਤ ਬਣਾਈ ?

ਇੰਨਾਂ ਸੋਚਦਾ ਸੋਚਦਾ ਜੱਸ ਵੀ ਮੁੱਕ ਗਿਆ।

ਫੇਰ ਕੀ ਸੀ?

ਇਸ਼ਕੇ ਨੇ ਇਸ਼ਕ ਨੂੰ ਜਾਤ ਪੁੱਛ ਲਈ,

ਮਸਲਾ ਓਥੇ ਹੀ ਸਾਰਾ ਮੁੱਕ ਗਿਆ।

**ਜਸਕਰਨ ਸਿੰਘ**

**ਬੀ. ਐਸ. ਸੀ. ਫਜ਼ਿਕਸ**



# ਅੱਖਰ ਤੇਰੇ ਨਾਂ ਦਾ

ਇੱਕ ਅੱਖਰ ਤੇਰੇ ਨਾਂ ਦਾ ਕਾਫ਼ੀ ਹੈ ,

ਮੇਰੇ ਮੰਨ ਵਿੱਚ ਤੇਰੇ ਲਈ ਇਬਾਦਤ ਜਗਾਉਣ ਨੂੰ।

ਤੇਰਾ ਕੀਤਾ ਇੱਕ ਚੁੱਪ ਦਾ ਇਸ਼ਾਰਾ ਕਾਫ਼ੀ ਹੈ ,

ਮੇਰੇ ਮਨ ਨੂੰ ਤੇਰੇ ਵੱਲ ਲਿਆਉਣ ਨੂੰ।

ਇੱਕ ਤੇਰਾ ਹੋਣਾ ਬਸ ਜ਼ਰੂਰੀ ਹੈ ,

ਮੈਨੂੰ ਇਹ ਇਸ਼ਕ ਸਿਖਾਉਣ ਨੂੰ।

ਤੇਰਾ ਹਾਸਾ ਕਾਫ਼ੀ ਹੈ,

ਮੈਨੂੰ ਤੇਰਾ ਬਣਾਉਣ ਨੂੰ।



ਰੀਆ ਸ਼ਰਮਾ

ਬੀ. ਪੀ. ਟੀ. ਤੀਜਾ ਸਾਲ

# ਸਿਪਾਹੀ-ਮਹਿਬੂਬ

ਨਾ ਸਿਪਾਹੀਆ ਰੂਹ ਤੇ ਸੱਟਾਂ ਨਾ ਮਾਰ ਵੇ,

ਚਾਰ ਦਿਨ ਹਸਾ ਕੇ।

ਸਾਡਾ ਮਜ਼ਾਕ ਜਿਹਾ ਬਣਾਕੇ,

ਪਿਛੋਂ ਤਾੜੀ ਨਾ ਮਾਰ ਵੇ।

ਕਿਸ ਗੱਲ ਸਜ਼ਾ ਦਿਤੀ ਉ,

ਅਸਾਂ ਤਾਂ ਦਿਲ 'ਚ ਵੀ,

ਤੈਨੂੰ ਪਨਾਹ ਦਿੱਤੀ ਉ ।

ਕਿਹੜੀ ਗੱਲ ਦੀ ਕੱਢੇ ਖਾਰ ਵੇ।

ਦੂਜਿਆਂ ਵੇਹੜੇ ਚਾਨਣ ਕਰਨ ਵਾਲਿਆ ,

ਸੋਚ ਸਾਡੇ ਬਾਰੇ ਸਰੀਰ ਦਾ,

ਬਾਲਣ ਕਰਨ ਵਾਲਿਆ।

ਸਾਡੇ ਉਤੇ ਤਾਂ ਪਹਿਲਾਂ ਗ਼ਮਾਂ ਦਾ ਭਾਰ ਵੇ।

ਤੇਰੇ ਹੀ ਜੋਗੇ ਰਹਿ ਗਏ,

ਅੱਖਾਂ 'ਚ ਪਾਣੀ ਕੋਸੇ ਰਹਿ ਗਏ,

ਅੱਗੇ ਕੰਢਿਆਂ ਦੀ ਵਾੜ ਵੇ।

ਉੱਡ ਗਿਆ ਦੇਖ ਚੇਹਰੇ ਤੋਂ ਨੂਰ ਵੇ,

ਦੱਸ ਸਾਡਾ ਕੀ ਕਸੂਰ ਵੇ,

ਕਰ ਨਿੱਕਾ ਜਿਹਾ ਸੁਪਨਾ ਸਾਡਾ ਸਕਾਰ ਵੇ।

ਹਾਸਿਆਂ ਨੇ ਸਾਡੇ ਨਾਲ ਰੁੱਸ ਜਾਣਾ ਈ,

ਅਸਾਂ ਸਾਰੀ ਉਮਰ ਲਈ ਟੁੱਟ ਜਾਣਾ ਈ ,

ਨਾ ਚੌਂਹ ਦਿਨਾਂ ਦਾ ਪਿਆਰ ਵੇ,

ਨਾ ਸਿਪਾਹੀਆ ਰੂਹ ਤੇ ਸੱਟਾਂ ਨਾ ਮਾਰ ਵੇ।

**ਸ਼ੇਰਾ ਸਿੰਘ**

**ਐੱਮ. ਏ. ਮਿਊਜ਼ਕ**



# ਨੀ ਮੁਹੱਬਤੇ

ਨੀ ਮੁਹੱਬਤੇ !

ਤੂੰ ਬੜੀ ਖ਼ਤਰਨਾਕ ਏਂ।

ਜਿਹੜੇ ਇਕ ਵਾਰ ਤੈਨੂੰ ਕਰ ਲੈਂਦੇ,

ਨਾਂ ਲੱਭੇ ਮੁੜ ਉਨਾਂ ਦਾ,ਕੋਈ ਸੁਰਾਖ਼ ਏ।

ਕਈਆਂ ਦੇ ਤੋੜੇ ਤੂੰ ਸੋਹਣੇ ਸੁਪਨੇ,

ਕਈਆਂ ਦੇ ਕੀਤੇ ਸੱਜਣ ਦੂਰ ਆਬਾਦ ਏ,

ਕਈਆਂ ਦੀ ਖ਼ੁਸ਼ਹਾਲ ਜ਼ਿੰਦਗੀ,

ਤੇਰੇ ਕਰਕੇ ਹੋਈ ਬਰਬਾਦ ਏ।

ਤੇ ਕਈਆਂ ਤੇ ਐਸੀ ਮਿਹਰਵਾਨ ਏ ਤੂੰ,

ਕਿ ਮੁਕੰਮਲ ਕੀਤੇ ਤੂੰ ਦੇਖੇ ਖੁਆਬ ਏ ।

ਨੀ ਮੁਹੱਬਤੇ!

ਤੂੰ ਬੜੀ ਨਾਦਾਨ ਏਂ।

ਕਈਆਂ ਲਈ ਤੂੰ ਆਈ ਬਣਕੇ ਸ਼ਰਾਪ,

ਤੇ ਕਈਆਂ ਲਈ ਤੂੰ ਬਣੀ ਵਰਦਾਨ ਏਂ,

ਕਈ ਨਾਂ ਲੈ ਕੇ ਤੇਰਾ, ਖੇਡ ਜਾਣ ਰੂਹਾਂ ਨਾਲ,

ਤੇ ਕਈ ਆਸ਼ਕਾਂ ਲਈ ਤੂੰ,ਰੱਬ ਦੇ ਸਮਾਨ ਏਂ।

ਕਈਆਂ ਦੀ ਸਮਝ ਤੋਂ ਬਾਹਰ ਐਂ ਤੂੰ,

ਕਈ ਜਾਣਕੇ ਤੇਰੇ ਤੋ ਬਣਨ ਅਣਜਾਣ ਏਂ,

ਨੀ ਮੁਹੱਬਤੇ !

ਤੂੰ ਬੜੀ ਨਾਦਾਨ ਏਂ..

ਕਈ ਭੱਜਦੇ ਨੇ ਤੇਰੇ ਤੋਂ,

ਕਈ ਕਰਦੇ ਤੇਰੀ ਪੂਜਾ ਏ।

ਜਿੰਨਾ ਕੀਤੀ ਉਹ ,ਰੱਬ ਨਾਲ ਮੁਹੱਬਤ,


ਉਹਨਾਂ ਲਈ ਤੂੰ ਬਣੀ ਮਹਿਬੂਬਾ ਏ।

ਕਈਆਂ ਨੂੰ ਕਿਉਂ ਤਰਸਾਵੇ ਤੂੰ,

ਕਈਆਂ ਨੂੰ ਸੌਖੀ ਕਿਉਂ ਮਿਲਜਾਵੇ ਤੂੰ।

ਕਈਆਂ ਪਾਇਆ ਭੇਤ ਤੇਰਾ ਨਿੱਕੀ ਉਮਰੇ,

ਤੇ ਕਈਆਂ ਦੀ ਸਾਰੀ ਉਮਰ ਵੀ,ਸਮਝ ਨਾ ਆਵੇਂ ਤੂੰ।



**ਐਸ. ਪੀ. ਘੁੰਮਣ**

**ਬੀ. ਏ.**

# ਦਿਲ ਦੇ ਵਿੱਚ ਖ਼ੁਮਾਰੀ ਤਾਂ

ਸੀ ਦਿਲ ਦੇ ਵਿੱਚ ਖ਼ੁਮਾਰੀ ਤਾਂ
ਬਸ ਉਸਨੇ ਆਵਾਜ਼ ਸੀ ਮਾਰੀ ਤਾਂ।

ਜਾਵਣ ਦਾ ਇਲਜ਼ਾਮ ਕੀ ਹੋਊ,
ਗੱਲ ਇਹ ਸੋਚ ਵਿਚਾਰੀ ਨਾ।

ਉਸ ਬਿਨ ਜਿਉਣਾ ਕੀ ਜਿਉਣਾ ਸੀ,
ਬਸ... ਵਿਚਲੀ ਗੱਲ ਸੀ ਸਾਰੀ ਆ।

ਮੰਜ਼ਿਲ ਵੱਲੇ ਤੂੰ ਰਾਹੀ ਵੇ ਤੁਰਿਆ,
ਜਾ,ਡਿੱਗਿਆ ਹਿੰਮਤ ਹਾਰੀ ਤਾਂ।

ਇਸ਼ਕ ਚ ਲੋਕੀ ਢਾਹ ਦਿੰਦੇ ਨੇ,
ਇਹ ਪਰਬਤ ਭਾਰੀ ਭਾਰੀ ਤਾਂ।

ਹੱਸ ਕੇ ਉਹਨੇ ਤੱਕਿਆ ਕੀ ਸੀ
ਲੱਥ ਗਈ ਪੀਤੀ ਸਾਰੀ ਤਾਂ।



ਗੁਰਜਿੰਦਰ ਸ਼ਾਹ
ਐੱਮ. ਏ. ਪੰਜਾਬੀ

# ਸਾਥੀ ਮੇਰਾ

ਕਿ ਉਹ ਸਖ਼ਸ਼ ਖ਼ਾਲੀ ਕਿਸੇ ਭੀੜ,

ਦੇ ਵਿੱਚ ਖੋ ਗਿਆ ਏ।

ਵੱਸਦਾ ਤਾਂ ਮੇਰੇ ਨਾਲ ਈ ਐ,

ਪਤਾ ਨਹੀਂ ਕੀਹਦਾ ਹੋ ਗਿਆ ਏ।

ਅੱਕ ਗਈ ਆਂ ਲੱਭ-ਲੱਭ ਉਹਨੂੰ,

ਖੌਰੇ ਕੈਸੀ ਥਾਂ ਖਲੋ ਗਿਆ ਏ।

ਟੁੰਬ ਨਾ ਪਾਈ ਤੋੜ ਮੈਂ ਇਹਦਾ,

ਬੇਤਰਤੀਬਾ ਜਿਹਾ ਹਾਰ ਪਰੋ ਗਿਆ ਏ।

ਬਸ ਤੇਰੇ ਤੋਂ ਈ ਹੌਸਲਾ ਮਿਲਦਾ ਸੀ,

ਅੱਜ ਤੂੰ ਵੀ ਪਿੰਜਰ ਹੋ ਗਿਆ ਏ।

ਏ ਜ਼ਿਕਰ ਐ ਉਸ ਹਾਸੇ ਦਾ,

ਜੋ ਮੇਰੇ ਅੱਗੇ ਰੋ ਗਿਆ ਏ।

**ਦਲਜੀਤ ਕੌਰ**

**ਬੀ. ਏ. ਦੂਜਾ ਸਾਲ**



# ਇਸ਼ਕ 'ਚ ਕੀਤੀਆਂ ਗ਼ਲਤੀਆਂ

ਇਸ਼ਕ 'ਚ ਕੀਤੀਆਂ ਗ਼ਲਤੀਆਂ, ਕਿੱਥੇ ਭੁੱਲਦੀਆਂ ਨੇ?
ਹੱਥਾਂ ਦੀਆਂ ਦਿੱਤੀਆਂ ਗੰਢਾਂ, ਦੰਦਾਂ ਨਾ' ਖੁੱਲਦੀਆਂ ਨੇ।

ਜਿਸ ਵਿਹੜੇ ਵਿੱਚ ਅੱਗੇ ਹੀ ਲੱਗਾ, ਢੇਰ ਰੁਪਇਆਂ ਦਾ,
ਉਸੇ ਵਿਹੜੇ ਕੁਬੇਰ ਦੀਆਂ, ਮੁੜ ਗਾਗਰਾਂ ਡੁੱਲ੍ਹਦੀਆਂ ਨੇ।

ਕਾਮ ਅੱਗ ਠਾਰਨ ਲਈ, ਵਰਤਦੇ ਇਸ਼ਕ ਮਖੌਟਿਆਂ ਨੂੰ,
ਕੌੜੀ ਕੁ ਕੀਮਤੀ ਆਸ਼ਕੀ ਪਿੱਛੇ, ਇੱਜ਼ਤਾਂ ਰੁਲ਼ਦੀਆਂ ਨੇ।

ਰਾਂਝਾ ਛੱਡ ਹਜ਼ਾਰੇ, ਜੀ ਚਾਕਰ ਹੋਇਆ, ਹੀਰ ਸਲੇਟੀ ਦਾ,
ਕੰਨ ਪੜਵਾਕੇ ਪਤਾ ਲੱਗਾ, ਇਸ਼ਕਾਂ ਕਿਸ ਮੁੱਲ ਦੀਆਂ ਨੇ।

ਬਣਨੈ ਤਾਂ ਬਣੀ ਸੂਰਜ ਜਿਹਿਆ, ਤਪਸ਼ ਰੱਖੀ ਹਸਤੀ 'ਚ,
ਦੀਵੇ ਬੁੱਝ ਜਾਂਦੇ ਅਕਸਰ, ਜਦੋਂ 'ਨੇਰੀਆਂ ਝੁੱਲ ਦੀਆਂ ਨੇ।

ਤੇ ਮਿੱਠੇ ਲੱਗਦੇ ਰਿਸ਼ਤੇ, ਉਦੋਂ ਜਾਨ ਹੀ ਲੈ ਨੇ ਬਹਿੰਦੇ ਜੀ,

ਜਦ ਇਹਨਾਂ ਅੰਦਰ ਧੋਖੇ ਦੀਆ, ਜ਼ਹਿਰਾਂ ਘੁਲ਼ਦੀਆਂ ਨੇ।

ਵੈਸੇ ਉਹਦੀ ਕੁੰਦਨ ਦੇਹੀ ਦੀ, ਸਿਫ਼ਤ ਦੱਸ ਕਿੱਥੇ ਹੁੰਦੀ ਐ,

ਪਰ ਅੱਢ ਬਾਤਾਂ ਠੋਡੀ ਦੇ ਤਿਲ਼, ਅਤੇ ਸੂਹੇ ਬੁੱਲ ਦੀਆਂ ਨੇ।

ਮੁਹੱਬਤ ਕਰੀਂ ਮਹਿਬੂਬਾ ਨੂੰ, ਤੂੰ ਮਾਵਾਂ, ਭੈਣਾਂ, ਧੀਆਂ ਜਿਹੀ,

ਇਹ ਵੀ ਸ਼ਾਨ 'ਸਾਹਿਬਾ', ਹੋਣੀਆਂ ਕਿਸੇ ਕੁਲ ਦੀਆਂ ਨੇ।





**ਸਾਹਿਬਜੀਤ ਸਿੰਘ**

**ਬੀ. ਏ.**

# ਕੀ ਇਨਸਾਨ ਬਣਾਇਆ ਏ

ਕੁਦਰਤ ਨੇ ਕੀ ਕਮਾਲ ਦਿਖਾਇਆ ਏ,

ਇਹ ਕੀ ਇਨਸਾਨ ਬਣਾਇਆ ਏ,

ਇਕ ਮਰਦ ਇਕ ਔਰਤ,

ਇਹਨਾ ਕਿਉਂ ਫਰਕ ਪਾਇਆ ਏ,

ਇਹ ਕੀ ਕਹਿਰ ਕਮਾਇਆ ਏ,

ਕਿਉਂ ਚਿਹਰੇ ਤੇ ਚਿਹਰਾ ਲਾਇਆ ਏ,

ਸੂਰਤ ਤਾਂ ਦਿਖਾ ਦਿੱਤੀ,

ਸੀਰਤ ਨੂੰ ਨਾ ਵਿਖਾਇਆ ਏ,

ਰੂਹਾਂ ਤਾਂ ਸਭ ਇਕੋ ਨੇ,

ਕਿਉਂ ਸ਼ਕਲਾਂ ਨੂੰ ਵੱਖ ਬਣਾਇਆ ਏ,

ਕੀ ਸਮਝਾਂ ਮੈਂ ਤੇਰੀਆਂ ਰਮਜਾਂ,

ਜਾਂ ਫਿਤਰਤਾਂ ਨੂੰ ਦਰਸਾਇਆ ਏ,

ਕੁਦਰਤ ਨੇ ਕੀ ਕਮਾਲ ਦਿਖਾਇਆ ਏ,

ਇਹ ਕੀ ਇਨਸਾਨ ਬਣਾਇਆ ਏ।

ਰਣਜੀਤ ਕੌਰ
ਐੱਮ. ਏ. ਪੰਜਾਬੀ



# ਤੇਰੇ ਰੰਗ ਵਿੱਚ

ਦੁਨੀਆ ਕਿੰਨੇ ਰੰਗਾਂ ਦਾ ਮੇਲਾ ਏ,

ਅਦਭੁਤ ਰੰਗ ਨਜ਼ਾਰੇ ਹੋਣ,

ਬਿਨਾਂ ਰੰਗਾਂ ਦੁਨੀਆ ਬੇ-ਸੁਆਦ ਜਿਹੀ,

ਚਹੁ ਪਾਸੀ ਪਏ ਖਿਲਾਰੇ ਹੋਣ,

ਤੇਰਾ ਐਸਾ ਰੰਗ ਪਿਆਰਾ ਏ,

ਬਿਨ ਚਾਹਿਆ ਪੈ ਗਿਆ ਜੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਬੇ-ਮੁੱਖ ਸੀ ਮੈਂ ਮਹੁਬੱਤ ਤੋਂ,

ਤੂੰ ਇਕ ਅਜੀਬ ਅਹਿਸਾਸ ਕਰਾਇਆ ਏ,

ਤੈਨੂੰ ਜਾਣ ਕੇ ਸਮਝ ਸਕੀ,

ਮੈਂ ਕੀ-ਕੀ ਹੋਰ ਗਵਾਇਆ ਏ,

ਮੈਂ ਬਣਜਾ ਖੀਰ ਸੁਆਦੀ ਜਿਹੀ,

ਜੇ ਤੂੰ ਗੁੜ ਦਾ ਮਿੱਠਾ ਪੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੈਂ ਅਣਜਾਣ ਦੇਸ਼ ਤੋਂ ਆਈ ਹਾਂ,

ਇਸ ਜੱਗ ਤੇ ਖੇਡ ਤਮਾਸ਼ੇ ਲਈ,

ਰੱਬ ਭੇਜਿਆ ਮੈਨੂੰ ਤੇਰੇ ਲਈ,

ਉਧਾਰ ਲੈਣ ਤੇਰੇ ਦਿਲਾਸੇ ਲਈ,

ਤੂੰ ਸਾਗਰ ਦਾ ਸੁੱਚਾ ਮੋਤੀ ਤੇ,

ਮੈਂ ਚਿੱਕੜ ਨਾਲ ਭਰਿਆ ਕੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।

ਮੇਰੇ ਦਿਲ ਦੀ ਇਕ ਖ਼ਵਾਹਿਸ਼ ਏ,

ਇਕ ਵਾਰ ਮੈਂ ਤੇਰੀ ਹੋ ਜਾਵਾਂ,

ਹਰ ਦੇ ਕੇ ਕੀਮਤ ਬਹੁਮੁੱਲੀ ਜਿਹੀ,

ਬਸ ਤੇਰੇ ਵਿੱਚ ਹੀ ਖੋ ਜਾਵਾਂ,,

ਤੂੰ ਸਿਹਰਾ ਬੰਨ ਮੇਰੇ ਕੋਲ ਖੜ੍ਹੇ,

ਮੈਂ ਪਾਵਾਂ ਸ਼ਗਨਾਂ ਦਾ ਚੂੜਾ ਏ,

ਸੱਜਣਾ ਤੇਰੇ ਰੰਗ ਵਿੱਚ ਰੰਗੀ ਫਿਰਦੀ ਆਂ,

ਤੂੰ ਸਭ ਰੰਗਾਂ ਤੋਂ ਗੂੜਾ ਏ।



**ਮਾਨਵੀ ਸ਼ਰਮਾ**

**ਬੀ. ਐਸ. ਸੀ. ਮੈਡੀਕਲ**

**ਤੀਜਾ ਸਾਲ**

# ਚਿੱਕੜ

ਹੋਰ ਮੈਖ਼ਾਨਿਆਂ 'ਚੋਂ ਕੱਢ ਸ਼ਰਾਬ ਪੀਤੀ ਏ

ਉਸਦੇ ਨੈਣਾਂ ਮੇਰੇ ਨਾਲ ਬਗ਼ਾਵਤ ਕੀਤੀ ਏ।

ਨਹੀਂ ਸੀ ਚਾਹੁੰਦਾ ਹੋਰਾਂ ਨਾਲ ਤਨ ਘਸਾਵਾਂ

ਉਸਦੀ ਵਾਸਨਾ ਕਰਕੇ ਮੇਰੇ ਹੱਢ ਬੀਤੀ ਏ।

ਦੱਸ ਮੇਰੀ ਮਰਜ਼ੀ ਕਦ ਸੀ ਵਿਕ ਜਾਵਣ ਦੀ

ਇਹ ਉਸਦੀ ਕਾਰਗੁਜ਼ਾਰੀ ਲਾਈ ਫੀਤੀ ਏ।

ਮੈਂ ਤਾਂ ਉਸਨੂੰ ਰੱਬ ਬਰੋਬਰ ਮੰਨਣ ਵਾਲਾ ਸਾਂ

ਉਸ ਜ਼ਹਿਰ ਘੋਲਿਆ ਮੇਰੇ ਬੰਦਗੀ ਝੀਤੀ ਏ।

ਟੁੱਟੀ ਨੂੰ ਜੇ ਗੰਢ ਦੇਂਦਾ ਮੈਂ ਠਹਿਰ ਜਾਣਾ ਸੀ

ਪਰ ਉਸ ਜ਼ਖ਼ਮਾਂ ਉੱਤੇ ਲੂਣੀ ਪੱਟੀ ਸੀਤੀ ਏ।

ਮੇਰੇ ਵਿਚੋਂ ਬੂ ਤਾਹੀਂ ਵੰਨ ਸੁਵੰਨੀ ਆਉਂਦੀ ਜੋ

ਮੈਂ ਰੂਹ ਆਪਣੀ ਚਿੱਟਿਉਂ ਕਰੀ ਪਲੀਤੀ ਏ।

ਮੰਨਣ ਨੂੰ ਤਾਂ ਮੈਂ ਦੋਸ਼ੀ ਵੀ ਖ਼ੁਦ ਨੂੰ ਮੰਨਦਾ ਹਾਂ

ਨਾ ਮੰਨਣ ਨੂੰ ਕੀ ਨਵੀਂ ਕੋਈ ਕਰੀ ਕੁਰੀਤੀ ਏ।

ਸੁੱਟ ਪ੍ਰੀਤਾ ਚਿੱਕੜ ਖ਼ੁਦ ‘ਤੇ ਜਿੰਨਾ ਸੁੱਟ ਸਕਦੈ

ਸ਼ਾਇਦ ਤੇਰੀ ਮੁਹੱਬਤ ਮੁੱਕਜੇ ਉਸ ਮਸੀਤੀ ਏ।


**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**



# ਸਬਰ ਦੇ ਪਿੱਛੇ

ਰੋਕਣਾ ਚਾਵਾਂ ਉਸ ਵਕਤ ਨੂੰ,
ਜਦ ਤੂੰ ਕੋਲ ਹੁੰਦੀ ਏ ਮੇਰੇ।
ਪਰ ਵਕਤ ਕਿਸੇ ਦੀ ਕਿੱਥੋਂ ਮੰਨਦਾ ,
ਮੇਰਾ ਵਕਤ ਤੇ ਕੋਈ ਜ਼ੋਰ ਨਹੀ,
ਫਿਰ ਇੱਕ ਖਿਆਲ ਆਇਆ।
ਕਿ ਵਕਤ ਤੇ ਕਾਬੂ ਨਹੀਂ ਕੀਤਾ ਜਾ ਸਕਦਾ,
ਪਰ ਮੈਂ ਆਪਣੇ ਆਪ ਤੇ ਸਬਰ ਦੀ ਲੋਈ
ਲੈ ਕੇ ਬੈਠਾ ਰਹਾਂਗਾ।
ਪਰ ਤੂੰ ਆਪਣੇ ਪਿਆਰ ਦੀ ਚੁੰਨੀ ਨਾਲ,
ਮੇਰੇ ਮੱਥੇ ਤੋਂ ਦੂਰੀ ਦਾ ਪਸੀਨਾ ਪੂੰਝ ਦਈਂ।
ਤੇ ਜਦ ਵੀ ਤੇਰੇ ਕੋਲ ਭੋਰਾ ਵੀ ਵਕਤ ਹੋਇਆ,
ਮੇਰੇ ਸਾਹਮਣੇ ਬੈਠ ਕੇ ਇਹ ਕਹਿ ਦਿਉ,
ਕਿ ਤੁਸੀਂ ਬੋਲੋ,
ਮੈਂ ਰੰਗ ਪਿਆਰ ਦਾ ਭਰਨ ਦੀ,
ਕੋਸ਼ਿਸ਼ ਵਿਚ ਰੁੱਝਾ ਰਹਾਂਗਾ।
ਤੇ ਆਪਣੀਆਂ ਸੱਧਰਾਂ,
ਨੂੰ ਉਸ ਲੋਈ ਦੇ ਸਹਾਰੇ ,
ਸਬਰ ਦੇ ਪਿੱਛੇ ਤੁਰਦਾ ਰਹਾਂਗਾ।





ਮਨਦੀਪ ਸਿੰਘ
ਐੱਮ. ਏ. ਪੰਜਾਬੀ

# ਮੇਰੇ ਮਾਂ ਬਾਪ ਨੂੰ

ਗ਼ਰੀਬ ਦੀ ਛੱਤ ਦਾ ਸੋਚੋ ਕੁਝ,

ਬੱਦਲ ਭਾਰੀ ਆਵੇ ਚੜ੍ਹਿਆ।

ਉਹਨੂੰ ਕਿਵੇਂ ਬਿਠਾਲਾ ਲਾਗੇ,

ਓ ਤਾਂ ਮੇਰੇ ਨਾਲ ਨਾ ਖੜ੍ਹਿਆ।

ਮੇਰੇ ਮਾਂ ਬਾਪ ਨੂੰ ਸਿਹਰਾ ਜਾਂਦਾ,

ਮੈਂ ਅੱਜ ਤੱਕ ਜਿੰਨਾ ਵੀ ਹਾਂ ਪੜ੍ਹਿਆ।

ਮੈਂ ਜਿਨ੍ਹਾਂ ਦਾ ਘਰ ਬਨਾਉਣਾ ਚਾਹਿਆ,

ਓਹੀ ਮੇਰੇ ਘਰ ਨੂੰ ਢਾਹੁਣ ਆ ਵੜਿਆ।

ਮੇਰੇ ਹੰਝੂ ਮਾਂ ਨੇ ਈ ਪੂੰਝੇ,

ਜਦ ਵੀ ਮਾਂ ਦੇ ਨਾਲ ਮੈਂ ਲੜਿਆ।

ਤੂੰ ਕਹਿੰਨੈ ਬਾਪ ਨੇ ਕੀਤਾ ਕੀ ਐ,

ਕਦੇ ਵੇਖ ਹਾਂ ਧੁੱਪ ਨਾ' ਪਿੰਡਾ ਸੜਿਆ।

ਭੈਣ ਭਾਈ ਚਾਹੇ ਸਾਕ ਸੰਬੰਧੀ,

ਪੱਲਾ ਸਭ ਨੇ ਮਤਲਬ ਦਾ ਫੜਿਆ।

**ਸਤਨਾਮ ਸਿੰਘ ਵੇਰਕਾ**

**ਬੀ. ਏ.**



# ਬੜੇ ਬੜੇ ਪਰਪੰਚ

ਬੜੇ ਬੜੇ ਪਰਪੰਚ ਰਚੇ,

ਬੜੀਆਂ ਰਚੀਆਂ ਚਾਲਾਂ ਨੇ।

ਤਾਂਵੀ ਆਖੀਰ ਨੂੰ ਤੋਰ ਦਿੱਤੀ

ਰਾਂਝੇ ਨਾ' ਹੀਰ ਸਿਆਲਾਂ ਨੇ।

ਅੱਖ ਓਹੀ ਹੈ ਜੋ ਪ੍ਰਤੱਖ 'ਚੋ,

ਅਪ੍ਰਤੱਖ ਦੇ ਵੀ ਦੇਖ ਲਵੇ।

ਬਾਕੀ ਤਾਂ ਸਭ ਹੱਡ ਮਾਸ,

ਨਾ' ਰਲ਼ਕੇ ਬਣੀਆਂ ਖਾਲਾਂ ਨੇ।

**ਸੁਖਬੀਰ ਸੋਨਾ**

**ਐੱਮ. ਏ. ਪੰਜਾਬੀ**



# ਮਰਜ਼ੀ

ਤੇਰੀ ਜੋ ਵੀ ਮਰਜ਼ੀ ਆ,

ਮੈਨੂੰ ਮਨਜ਼ੂਰ ਆ।

ਭਾਵੇਂ ਨਖਰੇ ਆ ਤੇਰੇ,

ਭਾਵੇਂ ਤੇਰਾ ਮਗ਼ਰੂਰ ਆ।

ਬੜੇ ਖੁਸ਼ ਰਹਿਣਾ ਏ,

ਅਸਾਂ ਇਕਠਿਆਂ ਨੇ।

ਕਿਉਂਕਿ ਖੁਸ਼ ਰੱਖਣ ਤੇ,

ਖੁਸ਼ ਰਹਿਣ ਲਈ,

ਇਸ਼ਕ ਮਸ਼ਹੂਰ ਆ।

ਜਸ਼ਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ



# ਮੁਹੱਬਤ

ਮੈਂ ਕਵਿਤਾ ਤੇ ਉਹ
ਕਾਨੂੰਨ ਪੜ੍ਹਦਾ ਸੀ

ਕਮਲਾ! ਮੁਹੱਬਤ ਦੇ ਵੀ
ਸਬੂਤ ਮੰਗਦਾ ਸੀ

ਫਿਰ ਮੈਂ ਉਸ ਨੂੰ
ਸ਼ਾਇਰੀ ਪੜ੍ਹਾ ਦਿੱਤੀ

ਹੁਣ ਉਹ ਮੁਹੱਬਤ ਕਰਦਾ ਹੈ
ਮੁਹੱਬਤ ਬਾਰੇ ਗੱਲਾਂ ਨਹੀਂ ਕਰਦਾ...




ਸੁਖਬੀਰ ਕੌਰ ਬਾਠ
ਐੱਮ. ਏ. ਪੰਜਾਬੀ.

# ਖ਼ਿਆਲਾਂ 'ਚ ਗੁੰਮ



ਅਮਨਦੀਪ ਕੌਰ

ਬੀ. ਏ. ਦੂਜਾ ਸਾਲ



# ਮੁਹੱਬਤ ਛੱਡ ਪਰਾਂ

ਚੱਲ ਬੈਠਾ ਰਹਿ ਮੇਰੇ ਕੋਲ ਮੁਹੱਬਤ ਛੱਡ ਪਰਾਂ,
ਚੱਲ ਦਿਲ ਦੇ ਵਰਕੇ ਫੋਲ ਮੁਹੱਬਤ ਛੱਡ ਪਰਾਂ।

ਮੇਰੇ ਮਹਿੰਗੇ ਨੇ ਜਜ਼ਬਾਤ ਮੁਹੱਬਤ ਛੱਡ ਪਰਾਂ
ਮੈ ਹਾਂ ਦੁਖਿਆਰੀ ਰਾਤ ਮੁਹੱਬਤ ਛੱਡ ਪਰਾਂ।

ਮੈਂ ਮਰਿਆ ਹੋਇਆ ਭੋਰ ਮੁਹੱਬਤ ਛੱਡ ਪਰਾਂ,
ਮੇਰੇ ਚੋਰ ਨੂੰ ਲੈ ਗਿਆ ਚੋਰ ਮੁਹੱਬਤ ਛੱਡ ਪਰਾਂ।

**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**



# ਖ਼ਾਸ ਨੇ ਠੱਗਿਆ

ਬੇਗ਼ਾਨੇ ਮੈਨੂੰ ਕਦੇ ਨਾ ਠੱਗਿਆ,

ਉਨ੍ਹਾਂ ਨੂੰ ਕੀ ਪਤਾ ਸੀ!

ਮੇਰੀ ਖੁਸ਼ੀ,

ਮੇਰਾ ਦੁੱਖ,

ਮੇਰੀ ਤਾਕਤ,

ਮੇਰੇ ਸੁਪਨੇ ,

ਪਤਾ ਸੀ ਬਸ ਉਸ ਆਪਣੇ ਨੂੰ

ਜੀਹਨੇ ਕਿਸੇ ਕੰਮ ਨਾ ਛੱਡਿਆ,

ਦੋਸ਼ ਗ਼ੈਰਾਂ ਨੂੰ ਕਦੇ ਨਾ ਦੇਣਾ,

ਤੈਨੂੰ ਜਦ ਵੀ ਠੱਗਿਆ,

ਤੇਰੇ ਕਿਸੇ ਖ਼ਾਸ ਨੇ ਠੱਗਿਆ।



ਅੰਮ੍ਰਿਤਪ੍ਰੀਤ ਕੌਰ
ਬੀ. ਪੀ. ਟੀ. ਦੂਜਾ ਸਾਲ

# ਸਵਾਲ

ਇੱਕ ਗੱਲ ਮੇਰੇ ਅੰਦਰ ਘਰ ਜਿਹਾ ਕਰ ਰਹੀ ਹੈ ,

ਜ਼ਰੂਰੀ ਹਾਂ ਜਾਂ ਫੇਰ ਜ਼ਰੂਰਤ ਹਾਂ ਤੇਰੇ ਲਈ।

ਜੇਕਰ ਕੁਝ ਦਿੱਕਤ ਨਾ ਹੋਵੇ ਤਾਂ ਪੁੱਛਾਂ ਇਸ ਸਵਾਲ ਨੂੰ ,

ਤੇਰੇ 'ਤੇ ਸ਼ੱਕ ਜਿਹਾ ਵੀ ਨਹੀਂ ਹੁੰਦਾ,

ਪੁੱਛਣ ਦੀ ਹਿੰਮਤ ਜਿਹੀ ਵੀ ਨਾ ਪੈਂਦੀ।

ਕਿੰਝ ਸਮਝਾਂ ਤੇਰੇ ਕਮਾਲ ਨੂੰ ,

ਕੋਈ ਰਾਹ ਵੀ ਨਾਂ ਲੱਭਦਾ ,

ਕਿੰਝ ਸ਼ਾਂਤ ਕਰਾਂ ਇਸ ਮਨ

ਵਿੱਚ ਉੱਠਦੇ ਬਵਾਲ ਨੂੰ।

ਇਹ ਗੱਲ ਕਦ ਦੀ,

ਰੜਕ ਰਹੀ ਹੈ ਅੰਦਰ ਮੇਰੇ

ਜੇਕਰ ਕੁਝ ਦਿੱਕਤ ਨਾ ਹੋਵੇ,

ਤਾਂ ਪੁੱਛਾਂ ਇਸ ਸਵਾਲ ਨੂੰ।



**ਰੀਆ ਸ਼ਰਮਾ**

**ਬੀ. ਪੀ. ਟੀ. ਤੀਜਾ ਸਾਲ**

# ਮੈਂ ਤੇਰੇ ਤੋਂ ਵੱਖ

ਮੈਂ ਤੇਰੇ ਤੋਂ ਵੱਖ ਹਾਂ,

ਪਰ ਦੂਰ ਨਈਂ।

ਹਾਂ ਦਿਲ ਟੁੱਟਿਆ ਜ਼ਰੂਰ ਏ,

ਪਰ ਬਚ ਗਿਆ, ਹੋਇਆ ਚੂਰ ਨਈਂ।

ਹਾਂ ਮੰਨਦਾ ਮੈਂ, ਉਹ ਵੱਡੇ ਨੇ,

ਮੈਂ ਉਹਨਾਂ ਜੇਹਾ ਮਸ਼ਹੂਰ ਨਈਂ।

ਕਰਦਾ ਏ ਏਨੀ ਆਕੜ ਉਹ,

ਏਨਾ ਚੰਨ ਨੂੰ ਵੀ ਗੁਰੂਰ ਨਈਂ।

ਏਨੀ ਵੀ ਮੈਂ ਮਾੜੀ ਨਾਂ,

ਮੰਨਿਆ ਅਰਸ਼ਾਂ ਦੀ ਹੂਰ ਨਈਂ।

ਐਸ. ਪੀ. ਘੁੰਮਣ

ਬੀ. ਏ.



# ਜੜ੍ਹਾਂ



ਨਵਜੋਤ ਕੌਰ

ਬੀ. ਪੀ. ਟੀ.

ਦੂਜਾ ਸਾਲ



# ਪੰਜਾਬੀ ਮਾਂ ਬੋਲੀ

ਪੰਜਾਬੀ ਸਾਡੀ ਮਾਂ ਬੋਲੀ

ਇਹ ਨੂੰ ਮਨੋਂ ਨਾ ਵਿਸਾਰੋ।

ਇਹ ਸਾਡੀ ਆਨ-ਸ਼ਾਨ,

ਇਹ ਨੂੰ ਸਦਾ ਸਤਿਕਾਰੋ।

ਪੰਜਾਬੀ ਨਾਲ਼ ਹੀ ਪੰਜਾਬ ਦੀ ਪਹਿਚਾਣ ਏ,

ਜਿਹੜੀ ਵਿਰਾਸਤ 'ਚ ਮਿਲੀ ਖ਼ੁਦਾ

ਦਾ ਵਰਦਾਨ ਏ।

ਰੱਬ ਕਰੇ ਏਸ ਨੂੰ ਤੱਤੀ ਵਾਅ ਨਾ ਲੱਗੇ,

ਕਿਉਂਕਿ ਏਸ ਵਿੱਚ ਹੀ ਵੱਸਦੀ ਪੰਜਾਬੀਆਂ ਦੀ ਜਾਨ ਏ।

ਇਹ ਬਾਬੇ ਨਾਨਕ ਦੀ ਦਾਤ ਵਰਗੀ,

ਇਹ ਪੰਜ ਪਾਣੀਆਂ ਦੇ ਦਰਿਆ ਵਰਗੀ।

ਇਹਨੂੰ ਕਦੇ ਨਾ ਭੁਲਾਓ ਮਿੱਤਰੋ

ਇਹ ਸੋਹਣੇ ਪੰਜਾਬ ਵਰਗੀ ।

ਪੰਜਾਬੀ ਦੀ ਪੈੜ' ਚ ਲਿਖਿਆ,

ਸੁਰਗਾਂ ਦਾ ਸਿਰਨਾਵਾਂ ਏ,

ਜਿਸਨੇ ਪੰਜਾਬ ਨੂੰ ਸੁਰਜੀਤ ਪਾਤਰ ਵਰਗੇ,

ਕਵੀਆਂ ਦਾ ਦਿੱਤਾ ਸੁਖਾਵਾਂ ਏ।

ਆਓ ਸਾਰੇ ਰਲ਼-ਮਿਲ਼ ਕੇ ਆਪਣੀ,

ਮਾਂ ਬੋਲੀ ਦੀ ਰੱਖਿਆ ਕਰੀਏ,

ਜਿਸਨੇ ਪੰਜਾਬ ਨੂੰ ਬਚਾਉਣ ਲਈ,

ਦਿੱਤੀਆਂ ਬੇਅੰਤ ਦੁਆਵਾਂ ਨੇ।

**ਮਨੀਸ਼ਾ ਰਾਣੀ**

**ਬੀ.ਏ,**



# ਬੁੱਝ ਲੈ ਮੇਰੇ ਪਿਆਰ

ਬੁੱਝ ਲੈ ਮੇਰੇ ਪਿਆਰ ਦੀ ਉਹ ਬਾਤ ਨੂੰ।

ਕਿਵੇਂ ਲੰਘਦੀ ਬਿਨ ਤੇਰੇ ਉਹ ਰਾਤ ਨੂੰ।

ਔਖਿਆਈ ਦੇ ਰਾਹ ਤੇ ਹਾਂ ਮੈਂ ਮੇਰੇ ਸੱਜਣ,

ਮੇਰੇ ਹੱਥਾਂ 'ਚ ਚਾਹੀਦੇ ਹੱਥ ਨੇ ਤੇਰੇ ਸੱਜਣ।

ਦਿਲ 'ਚ ਜੋਂ ਵੀ ਉਮੀਦਾਂ ਤੇ ਖਿਆਲ ਨੇ,

ਸਭ ਉਹ ਹੁਣ ਤੇਰੇ,ਤੇ ਤੇਰੇ ਹੀ ਨਾਲ ਨੇ।

ਤੂੰ ਦਿੱਸਦਾ ਏ ਹਰ ਪਾਸੇ ਤੇ ਹੋਰ ਕੁੱਝ ਨਹੀ,

ਤੇਰਾ ਨਾਮ ਹੈ ਚੇਤਾ ਦੂਜੀ ਕੋਈ ਸੁਧ ਨਹੀ।

ਕੀ ਕਰਾਂ ਤੇ ਕੀ ਨਾ ਕਰਾਂ ਇਹ ਵੀ ਏ ਸਵਾਲ?


ਇਕ ਦਿਨ ਲੰਘਦਾ ਏ ਜਿਵੇਂ ਹੋਣ ਕਈ ਸਾਲ।

ਸਬਰ ਇਹ ਸ਼ਾਇਦ ਮੇਰੇ ਵੱਸ ਦੀ ਗੱਲ ਨਹੀ,

ਤੂੰ ਸਮਝੇਂ ਤਾਂ ਮੁਸ਼ਕਿਲ ਮੇਰੀਆਂ ਸਾਰੀਆਂ ਹੱਲ ਹੀ।

ਮਨਦੀਪ ਸਿੰਘ

ਐੱਮ. ਏ. ਪੰਜਾਬੀ



# ਸਿਦਕ ਦਾ ਪੱਲੜਾ

ਅੱਬਾ ਪਿੰਡ ਤੋਂ ਸ਼ਹਿਰ ਗਿਆ ਈ,

ਕੁਝ ਪੈਸਾ ਧੇਲਾ ਕਮਾਉਣ ਦੀ ਖਾਤਰ।

ਰੱਬ ਨੇ ਮੈਨੂੰ ਦੁੱਖ ਦਿੱਤਾ ਏ,

ਮੇਰਾ ਸਿਦਕ ਅਜ਼ਮਾਉਣ ਦੀ ਖਾਤਰ।

ਧੀ ਕਹਿੰਦੀ ਅੱਖ 'ਚ ਪਿਆ ਏ ਕੁਝ,

ਮਾਪਿਆਂ ਤੋਂ ਹੰਝੂ ਛੁਪਾਉਣ ਦੀ ਖਾਤਰ।

ਦੋ ਟੁੱਕ ਚੋਂ ਇੱਕ ਰੱਖ ਲਈ ਮਾਂ ਨੇ,

ਫਿਰ ਤੋਂ ਡੰਘ ਲੰਘਾਉਣ ਦੀ ਖਾਤਰ।

ਸਿਦਕ ਦਾ ਪੱਲੜਾ ਭਾਰੀ ਪੈਂਦਾ,

ਗ਼ਰੀਬ ਦੀ ਭੁਖ ਮਿਟਾਉਣ ਦੀ ਖਾਤਰ।

ਰਾਤੀ ਦਰ ਦਰ ਭਟਕਿਆ ਅੱਬਾ ਮੇਰਾ,

ਬੱਚਿਆਂ ਲਈ ਦੁੱਧ ਲਿਆਉਣ ਦੀ ਖਾਤਰ।

ਮੇਰੇ ਆਪਣਿਆਂ ਅੰਨਾ ਡੋਲਿਆ ਪੈਸਾ,

ਮੇਰੇ ਗਲ਼ ਬਿਪਤਾ ਪਾਉਣ ਦੀ ਖਾਤਰ।

ਬੇਜ਼ੁਬਾਨ ਨੂੰ ਖਾ ਕੇ ਹੱਜ ਨੂੰ ਚੱਲਾਂ,

ਅੱਲਾਹ ਪਾਕ ਧਿਆਉਣ ਦੀ ਖਾਤਰ।

**ਸਤਨਾਮ ਸਿੰਘ ਵੇਰਕਾ**

**ਬੀ. ਏ.**



# ਨਾਨਕ ਸੈਊ ਸਰਾਹੀਐ

ਉਸਦੀਆਂ ਯੋਜਨਾਵਾਂ ਦੀ ਜਾਣਕਾਰੀ ਕੋਈ ਨਹੀਂ ਰੱਖ ਸਕਦਾ। ਜ਼ਰਾ ਸੋਚੋ ਕਿੰਨੇ ਅਰਬ ਦੁਨੀਆਂ ਪ੍ਰਿਥਵੀ ਨਾਮਕ ਗ੍ਰਹਿ ਉੱਪਰ ਵਸ ਰਹੀ ਹੈ ਪਰ ਅਚੰਭਾ ਇਸ ਗੱਲ ਦਾ ਹੈ ਹਰ ਇਕ ਲਈ ਅਲੱਗ ਯੋਜਨਾ।

ਫਿਰ ਇੰਨੀਆਂ ਯੋਜਨਾਵਾਂ ਦੀ ਤਰਤੀਬ ਉਹ ਕਿਵੇਂ? ਅਸੰਭਵ। ਹਰ ਇਕ ਦੀ ਜ਼ਿੰਦਗੀ ਵਿਚ ਵੱਖਰਾ ਰੰਗ ਭਰਨਾ ਉਸਦੀ ਤਰਤੀਬ ਦਾ ਹਿੱਸਾ।

ਮੈਂ ਤਾਂ ਹੈਰਾਨ ਹੋ ਜਾਨਾਂ ਆ ਕਿ ਇੰਨਾ ਵੱਡਾ ਯੋਜਨਾਵਾਂ ਦਾ ਜਾਲ ਚੱਲ ਕਿਵੇਂ ਰਿਹਾ ਹੈ?

ਕਿੰਨਾ ਵੱਡਾ ਕਾਰੀਗਰ ਹੈ ਉਹ।

ਉਹ ਪਰਮਾਤਮਾ।

ਆਪਨ ਕੀਆ ਕਰਹਿ ਆਪ ਆਗੈ ਪਾਛੈ ਆਪ।।

ਨਾਨਕ ਸੈਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ।।

**ਸਹਿਬਾਜਦੀਪ ਸਿੰਘ ਗੁਲਸ਼ਨ**

**ਐੱਮ. ਏ. ਪੰਜਾਬੀ**



# ਇੱਕ ਤਰਫ਼ਾ ਪਿਆਰ (ਕਹਾਣੀ)

ਮਲਕੀਤ-ਬੀਬੀ ਚੱਲ ਅੱਜ ਮੈਂ ਤੈਨੂੰ ਸ਼ਹਿਰ ਦੀ ਸੈਰ ਕਰਵਾ ਕੇ ਲਿਆਉਂਦਾ ਹਾਂ।

ਬੀਬੀ(ਬਚਨ ਕੌਰ)-ਸਦਕੇ ਜਾਵਾਂ ਮੇਰੇ ਪੁੱਤ ਦੇ, ਪਰ ਅੱਜ ਕਿਧਰੋਂ ਸੂਰਜ ਚੜ੍ਹ ਆਇਆ?

ਮਲਕੀਤ-ਆਪੇ ਤਾਂ ਬੀਬੀ ਤੂੰ ਕਹਿੰਦੀ ਰਹਿੰਦੀ ਆ ਕਿ, ਤੈਨੂੰ ਸ਼ਹਿਰ ਘੁਮਾਉਣ ਨਹੀਂ ਲੈ ਕੇ ਜਾਂਦਾ ਕੋਈ। ਜੇ ਅੱਜ ਮੈਂ ਲੈ ਕੇ ਚੱਲਿਆ ਏ ਤਾਂ ਤੂੰ ਅੱਗਿਓਂ ਹੋਰ ਗੱਲਾਂ ਕਰਦੀ ਆ।

ਬੀਬੀ-ਚੱਲ ਪੁੱਤ ਤੂੰ ਤਾਂ ਗੁੱਸਾ ਹੀ ਕਰ ਗਿਆ ਲੱਗਦਾ ਏ, ਰੁੱਕ ਮੈਂ ਹੁਣੇ ਲੀੜੇ ਬਦਲ ਕੇ ਆਉਂਦੀ ਆ।

ਮਲਕੀਤ-ਲੈ ਦੱਸ, ਹਾਅ ਲੀੜਿਆ ਨੂੰ ਕੀ ਹੋਇਆ ਆ? ਚੰਗੇ ਭਲੇ ਤਾਂ ਹੈਗੇ ਆ।

ਬੀਬੀ-ਹੈ ਤੇ ਚੰਗੇ ਨੇ ਪੁੱਤ, ਪਰ ਬਾਹਰ ਸੌ ਜਾਣੇ ਟੱਕਰਦੇ ਆ। ਕੀ ਕਹਿਣਗੇ ਉਹ?

ਮਲਕੀਤ-ਚੱਲ ਛੇਤੀ ਕਰ ਫਿਰ ਮੈਨੂੰ ਹੋਰ ਵੀ ਕੰਮ ਆ। ਟਿਕਟਾਂ ਵੀ ਕਰਵਾਉਣ ਜਾਣਾ ਵਾ।

ਬੀਬੀ-ਪੁੱਤ ਬੱਸ ਮੈਂ ਹੁਣੇ ਆਈ।

ਐਨਾ ਕਹਿਣ ਉਪਰੰਤ ਮਲਕੀਤ ਦੀ ਬੀਬੀ ਇੱਕ ਕਮਰੇ ਅੰਦਰ ਵੜ ਗਈ ਅਤੇ ਮਲਕੀਤ ਘਰ ਦੇ ਹਾਲ ਵਿਚ ਹੀ ਅਖਬਾਰ ਲੈ ਕੇ ਬੈਠ ਗਿਆ। ਦੂਸਰੇ ਪਾਸੇ ਉਸ ਦੀ ਘਰਵਾਲੀ ਮਾਂ ਪੁੱਤ ਦੀਆਂ ਗੱਲਾਂ ਸੁਣ ਰਹੀ ਸੀ ਤੇ ਵੰਨ-ਸਵੰਨੇ ਮੂੰਹ ਬਣਾ ਕੇ ਮਲਕੀਤ

ਵੱਲ ਕ੍ਰੋਧ ਭਰੀ ਨਿਗ੍ਹਾ ਨਾਲ ਵੇਖ ਰਹੀ ਸੀ। ਜਿਵੇਂ ਪਤਾ ਨਹੀਂ ਮਲਕੀਤ ਨੇ ਉਸ ਦੇ ਕਿ ਮਾਂਹ ਮਾਰੇ ਹੋਣ।

ਪਰ ਮਲਕੀਤ ਉਸ ਨੂੰ ਅਣ-ਦੇਖਿਆ ਕਰ ਕੇ ਅਖਬਾਰ ਪੜ੍ਹਨ ਵਿਚ ਲੱਗਾ ਰਿਹਾ।

ਐਨੇ ਨੂੰ ਮਲਕੀਤ ਦੀ ਬੀਬੀ ਲੀੜੇ ਬਦਲ ਕੇ ਆ ਗਈ। ਬਚਨ ਕੌਰ ਮਦਰਾਸ ਦੀ ਇੱਕ ਬਹੁਤ ਖੂਬਸੂਰਤ ਔਰਤ ਸੀ। ਜਿਸ ਨੂੰ ਮਲਕੀਤ ਦਾ ਬਾਪੂ ਮਦਰਾਸ ਤੋਂ ਵਿਆਹ ਕੇ ਲਿਆਇਆ ਸੀ। ਪੰਜਾਬ ਵਿਚ ਰਹਿੰਦੇ ਉਹਨਾਂ ਨੂੰ ਕਰੀਬ ਤੀਹ ਸਾਲ ਹੋ ਗਏ ਸਨ। ਬਚਨ ਕੌਰ ਦਾ ਨਾਮ ਵੀ ਮਲਕੀਤ ਦੇ ਬਾਪੂ ਨੇ ਆਪਣੀ ਮਾਂ ਦੇ ਨਾਮ ਤੋਂ ਹੀ ਰੱਖਿਆ ਸੀ। ਹੁਣ ਕਰੀਬ-ਕਰੀਬ ਬਚਨ ਕੌਰ ਚੰਗੀ ਤਰ੍ਹਾਂ ਪੰਜਾਬੀ ਪੜ੍ਹਦੀ ਵੀ ਤੇ ਬੋਲਦੀ ਵੀ। ਪਰ ਉਸ ਦਾ ਪਹਿਰਾਵਾ ਅੱਜ ਵੀ ਮਦਰਾਸ ਵਾਲਾ ਰਿਹਾ। ਹਾਂ ਕਦੇ-ਕਦੇ ਉਹ ਜਰੂਰ ਪੰਜਾਬੀ ਸੂਟ ਪਾ ਲੈਂਦੀ ਸੀ। ਉਹ ਬਹੁਤੀ ਸੋਹਣੀ ਤਾਂ ਨਹੀਂ ਸੀ, ਨੈਣ ਨਕਸ਼ ਬਹੁਤ ਸੋਹਣੇ ਸਨ। ਜਿਵੇਂ ਰੱਬ ਨੇ ਇਕੱਲਾ ਇਕੱਲਾ ਨੈਣ ਨਕਸ਼ ਬੜੀ ਰੀਝ ਨਾਲ ਤਿਆਰ ਕੀਤਾ ਹੋਵੇ। ਜਦੋਂ ਬਚਨ ਕੌਰ ਲੀੜੇ ਬਦਲ ਕੇ ਆਈ ਤਾਂ ਉਸ ਨੇ ਮਦਰਾਸਨਾ ਵਾਂਗੂੰ ਸਾੜੀ ਬੰਨੀ ਹੋਈ ਸੀ। ਹਲਕੇ ਜਿਹੇ ਰੰਗ ਦੀ ਸੀ ਜਿਸ 'ਤੇ ਲਕੀਰਾਂ ਖਿੱਚੀਆਂ ਹੋਈਆਂ ਸਨ। ਪੈਰੀ ਉਸ ਨੇ ਸੈਂਡਲਾਂ ਦੇ ਵਰਗੀ ਇੱਕ ਜੁੱਤੀ ਪਾਈ ਸੀ ਜੋ ਬਿਲਕੁਲ ਵੀ ਉੱਚੀ ਨਹੀਂ ਸੀ। ਬਾਹਰ ਹਲਕੀ ਜਿਹੀ ਠੰਡ ਹੋਣ ਕਰਕੇ ਸਾੜੀ ਦੇ ਉਪਰ ਦੀ ਹੀ ਉਸ ਨੇ ਇੱਕ ਸ਼ੌਲ ਲਿਆ ਸੀ। ਉਸ ਨੇ ਬਾਹਰ ਨਿਕਲਦੇ ਆਉਂਦੇ ਹੀ ਮਲਕੀਤ ਨੂੰ ਕਿਹਾ...

ਬਚਨ ਕੌਰ-ਚੱਲ ਪੁੱਤ ਮੈਂ ਤਿਆਰ ਹਾਂ।

ਮਲਕੀਤ ਨੇ ਅਖਬਾਰ ਰੱਖਦੇ ਹੋਏ ਆਪਣੀ ਬੀਬੀ ਵੱਲ ਦੇਖਿਆ ਤੇ ਕਿਹਾ..

ਮਲਕੀਤ-ਚੱਲ ਆ ਜਾ ਬੀਬੀ।

ਮਲਕੀਤ ਅੱਗੇ ਹੋ ਤੁਰਿਆ ਅਤੇ ਬਚਨ ਕੌਰ ਉਸ ਦੇ ਮਗਰੇ ਤੁਰ ਪਈ। ਬਾਹਰ ਨਿਕਲਦੇ ਹੀ ਮਲਕੀਤ ਨੇ ਇੱਕ ਆਟੋ ਰਿਕਸ਼ੇ ਵਾਲੇ ਨੂੰ ਹੱਥ ਦਿੱਤਾ।

ਮਲਕੀਤ ਅਤੇ ਬਚਨ ਕੌਰ ਆਟੋ ਵਿਚ ਬੈਠ ਗਏ। ਮਲਕੀਤ ਨੇ ਬੀਬੀ ਨੂੰ ਕਿਹਾ....

ਮਲਕੀਤ-ਬੀਬੀ ਕਿੱਥੇ ਚੱਲੀਏ ਪਹਿਲਾਂ?

ਬਚਨ ਕੌਰ-ਜਿੱਥੇ ਤੇਰਾ ਦਿੱਲ ਕਰਦਾ ਪੁੱਤ ਓਥੇ ਹੀ ਲੈ ਚੱਲ। ਮੈਂ ਕਿਹੜਾ ਬਹੁਤ ਘੁੰਮਦੀ ਰਹਿੰਦੀ ਹਾਂ। ਤੇਰੇ ਬਾਪੂ ਨਾਲ ਜਰੂਰ ਕਦੇ-ਕਦੇ ਬਾਜ਼ਾਰ ਆ ਜਾਂਦੀ ਸੀ। ਪਰ ਜਿਉਂ ਤੇਰਾ ਬਾਪੂ ਗੁਜਰਿਆ ਮੁੜ ਨਹੀਂ ਕਦੇ ਘੁੰਮਣ ਨੂੰ ਦਿਲ ਕੀਤਾ। ਚੱਲ ਏਦਾਂ ਕਰ ਪਹਿਲਾਂ ਗੁਰੂ ਘਰ ਚੱਲਦੇ ਆ।

ਮਲਕੀਤ-ਨਹੀਂ ਬੀਬੀ ਗੁਰੂ ਘਰ ਆਉਂਦੇ ਹੋਏ ਚੱਲਾਂਗੇ ਪਹਿਲਾਂ ਕਿਤੇ ਹੋਰ ਘੁੰਮਦੇ ਹਾਂ।

ਬਚਨ ਕੌਰ-ਚੱਲ ਜਿਵੇਂ ਤੇਰਾ ਮਨ ਓਦਾਂ ਕਰ ਲੈ।

ਮਲਕੀਤ-ਵੀਰੇ ਮੇਨ ਬਾਜ਼ਾਰ ਲੈ ਚੱਲ।

ਆਟੋ ਵਾਲਾ-ਠੀਕ ਆ ਭਾਜੀ।

ਕੁਝ ਕੁ ਦੇਰ ਬਾਅਦ ਆਟੋ ਮੇਨ ਬਾਜ਼ਾਰ ਵਿਚ ਚਲਾ ਗਿਆ। ਮਲਕੀਤ ਨੇ ਆਟੋ ਵਾਲੇ ਨੂੰ ਇੱਕ ਹੋਟਲ ਸਾਹਮਣੇ ਰੁਕਣ ਲਈ ਕਿਹਾ ਅਤੇ ਫਿਰ ਉਸਦਾ ਬਣਦਾ ਕਿਰਾਇਆ ਦਿੱਤਾ। ਮਲਕੀਤ ਆਪਣੀ ਬੀਬੀ ਨੂੰ ਨਾਲ ਲੈ ਕੇ ਹੋਟਲ ਦੇ ਮੂਹਰਲੇ ਬੂਹੇ

ਤੱਕ ਜਾ ਪੁੱਜਾ। ਹੋਟਲ ਦੇ ਬਾਹਰ ਖੜੇ ਇੱਕ ਕਰਮਚਾਰੀ ਨੇ ਬੂਹਾ ਖੋਲ੍ਹਿਆ ਅਤੇ ਮਲਕੀਤ ਨੂੰ ਸਤਿ ਸ੍ਰੀ ਅਕਾਲ ਬੁਲਾਈ। ਇਹ ਕਰਮਚਾਰੀ ਖ਼ਾਸ ਕਰਕੇ ਲੋਕਾਂ ਦੇ ਸਵਾਗਤ ਲਈ ਹੀ ਹੁੰਦੇ ਨੇ।

ਅੱਗਿਓਂ ਮਲਕੀਤ ਨੇ ਉਸ ਦੀ ਸਤਿ ਸ੍ਰੀ ਅਕਾਲ ਦਾ ਕੋਈ ਜੁਆਬ ਨਾ ਦਿੱਤਾ ਅਤੇ ਚੁੱਪ-ਚਾਪ ਅੰਦਰ ਲੰਘ ਗਿਆ। ਮਗਰੇ ਹੀ ਉਸਦੀ ਬੀਬੀ ਵੀ ਲੰਘ ਗਈ। ਦੋਨੋਂ ਇੱਕ ਲੱਗੇ ਟੇਬਲ 'ਤੇ ਬੈਠ ਗਏ। ਮਲਕੀਤ ਨੇ ਓਸੇ ਟੇਬਲ 'ਤੇ ਪਿਆ ਭੋਜਨ ਵਾਲਾ ਪੱਤਰਾ ਫੜ੍ਹਿਆ ਅਤੇ ਉਸ 'ਤੇ ਲਿਖੇ ਵੱਖ-ਵੱਖ ਪ੍ਰਕਾਰ ਦੇ ਭੋਜਨ ਬਾਰੇ ਪੜ੍ਹਨ ਲੱਗਾ ਅਤੇ ਆਪਣੀ ਬੀਬੀ ਨੂੰ ਪੁੱਛਿਆ..

ਮਲਕੀਤ-ਬੀਬੀ ਕੀ ਖਾਵੇਂਗੀ?

ਬਚਨ ਕੌਰ-ਕੁਝ ਨੀ ਪੁੱਤ ਮੈਂ ਤਾਂ ਗੁਰੂ ਘਰ ਦਾ ਲੰਗਰ ਖਾਣਾ ਵਾ।

ਮਲਕੀਤ-ਕੋਈ ਨਾ ਬੀਬੀ ਉਹ ਵੀ ਖਾ ਲਵੀਂ। ਪਰ ਹੁਣ ਤਾਂ ਕੁਝ ਖਾਣਾ ਈ ਪੈਣਾ ਵਾ। ਫਿਰ ਕਹੇਂਗੀ ਮੈਨੂੰ ਕੁਝ ਖਵਾਇਆ ਨਹੀਂ।

ਬਚਨ ਕੌਰ-ਨਹੀਂ ਪੁੱਤ ਮੈਂ ਨੀ ਕਹਿੰਦੀ ਕੁਝ। ਜੇ ਹਾਅ ਗੱਲ ਵਾ ਤਾਂ ਤੇਰਾ ਜੋ ਦਿੱਲ ਕਰਦਾ ਮੰਗਵਾ ਲੈ, ਮੈਂ ਖਾ ਲਵਾਂਗੀ।

ਮਲਕੀਤ ਨੇ ਇੱਕ ਹੋਟਲ ਦੇ ਕਰਮਚਾਰੀ ਨੂੰ ਆਵਾਜ਼ ਮਾਰੀ। ਜੋ ਕਿ ਹਰ ਟੇਬਲ ਦੇ ਕੋਲ ਜਾ ਕੇ ਲੋਕਾਂ ਨੂੰ ਖਾਣ ਬਾਰੇ ਪੁੱਛਦਾ ਸੀ ਅਤੇ ਲੋਕਾਂ ਦੇ ਕਹਿਣ ਮੁਤਾਬਿਕ ਹੀ ਭੋਜਨ ਬਾਰੇ ਲਿਖਦਾ ਅਤੇ ਤਿਆਰ ਹੋਣ ਤੋਂ ਬਾਅਦ ਭੇਜ ਦਿੰਦਾ। ਅਸਲ ਵਿਚ ਉਸਦਾ ਇਹੀ ਕੰਮ ਸੀ, ਬਸ ਲੋਕਾਂ ਕੋਲੋਂ ਭੋਜਨ ਬਾਰੇ ਪੁੱਛਣਾ। ਮਲਕੀਤ ਦੇ ਆਵਾਜ਼ ਮਾਰਦੇ ਸਾਰ ਹੀ ਉਹ ਟੇਬਲ ਦੇ ਕੋਲ ਆ ਗਿਆ। ਮਲਕੀਤ ਨੇ ਉਸ ਨੂੰ ਕੁਝ ਆਪਣੀ ਪਸੰਦ ਦੇ

ਭੋਜਨ ਲਿਖਵਾਏ ਅਤੇ ਜਲਦੀ ਨਾਲ ਲੈ ਕੇ ਆਉਣ ਲਈ ਕਿਹਾ। ਉਹ ਕਰਮਚਾਰੀ ਉਥੋਂ ਚਲਾ ਗਿਆ। ਮਲਕੀਤ ਅਤੇ ਬਚਨ ਕੌਰ ਆਪਸ ਵਿਚ ਕੋਈ ਗੱਲ ਬਾਤ ਨਹੀਂ ਸਨ ਕਰ ਰਹੇ। ਬਚਨ ਕੌਰ ਆਪਣੀ ਕੁਰਸੀ 'ਤੇ ਬੈਠੇ ਹੀ ਆਪਣੇ ਆਸ ਪਾਸ ਦੇਖ ਰਹੀ ਸੀ। ਕਦੇ ਉਹ ਮੁੜ ਕੇ ਪਿੱਛੇ ਵੱਲ ਦੇਖਦੀ ਅਤੇ ਕਦੇ ਏਧਰ-ਓਧਰ।

ਆਸ ਪਾਸ ਰੌਣਕ ਬਹੁਤ ਸੀ ਪਰ ਸ਼ੋਰ ਬਿਲਕੁਲ ਨਹੀਂ ਸੀ ਆ ਰਿਹਾ। ਸਾਰੇ ਪਾਸੇ ਚੁੱਪ ਜਿਹੀ ਛਾਈ ਹੋਈ ਸੀ। ਬਚਨ ਕੌਰ ਇਸ ਗੱਲ ਲਈ ਹੈਰਾਨ ਸੀ ਪਰ ਕੁਝ ਬੋਲੀ ਨਹੀਂ। ਦਰਅਸਲ ਉਸ ਨੂੰ ਬਹੁਤੀ ਸ਼ਾਂਤੀ ਵਾਲਾ ਮਾਹੌਲ ਬਿਲਕੁਲ ਵੀ ਪਸੰਦ ਨਹੀਂ ਸੀ। ਪਰ ਉਹ ਚੁੱਪ ਹੀ ਬੈਠੀ ਰਹੀ। ਐਨੇ ਨੂੰ ਦੋ ਕਰਮਚਾਰੀ ਮਲਕੀਤ ਦੇ ਦੱਸੇ ਹੋਏ ਭੋਜਨ ਲੈ ਕੇ ਹਾਜ਼ਿਰ ਹੋ ਗਏ। ਉਹਨਾਂ ਭੋਜਨ ਲਿਆ ਕੇ ਟੇਬਲ 'ਤੇ ਰੱਖ ਦਿੱਤਾ। ਮਲਕੀਤ ਨੇ ਆਪਣੀ ਪਲੇਟ ਫੜੀ ਅਤੇ ਆਪ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਉਸ ਦੀ ਮਾਂ ਦੇਖ ਕੇ ਬਹੁਤ ਹੈਰਾਨ ਹੋਈ ਕੇ ਉਸ ਨੂੰ ਪੁੱਛੇ ਬਗੈਰ ਹੀ ਉਸ ਨੇ ਖਾਣਾ ਸ਼ੁਰੂ ਕਰ ਦਿੱਤਾ। ਉਸ ਨੂੰ ਬਹੁਤ ਠੇਸ ਲੱਗੀ ਪਰ ਫਿਰ ਵੀ ਸ਼ਾਂਤ ਰਹੀ। ਬਚਨ ਕੌਰ ਨੇ ਆਪੇ ਆਪਣੀ ਪਲੇਟ ਫੜੀ ਤੇ ਥੋੜ੍ਹਾ ਜਿਹਾ ਭੋਜਨ ਪਾ ਕੇ ਖਾਣਾ ਸ਼ੁਰੂ ਕਰ ਦਿੱਤਾ। ਪਰ ਉਸ ਨੇ ਮਸਾਂ ਹੀ ਦੋ ਕੁ ਬੁਰਕੀਆਂ ਖਾਧੀਆਂ ਹੋਣੀਆਂ ਵਾ। ਉਹ ਵੀ ਬਹੁਤ ਹੀ ਮੁਸ਼ਕਿਲ ਨਾਲ। ਉਸ ਨੂੰ ਭੁੱਖ ਤਾਂ ਲੱਗੀ ਸੀ ਪਰ ਆਪਣੇ ਪੁੱਤ ਦੀ ਹਰਕਤ ਦੇ ਕਾਰਨ ਕੋਈ ਬੁਰਕੀ ਚੱਜ ਨਾਲ ਗਲੇ ਤੋਂ ਹੇਠਾਂ ਨਹੀਂ ਸੀ ਉੱਤਰ ਰਹੀ। ਉਹ ਭਰੀ-ਪੀਤੀ ਚੁੱਪ ਰਹੀ। ਫਿਰ ਬਚਨ ਕੌਰ ਨੇ ਪੀਣ ਦੇ ਲਈ ਪਾਣੀ ਦੇ ਗਿਲਾਸ ਨੂੰ ਹੱਥ ਪਾਇਆ ਤਾਂ ਅਚਾਨਕ ਉਸਦਾ ਹੱਥ ਪਾਣੀ ਵਾਲੇ ਜੱਗ ਨੂੰ ਵੱਜ ਗਿਆ ਜਿਸ ਕਾਰਨ ਪਾਣੀ ਵਾਲਾ ਜੱਗ ਮੇਜ ਉੱਪਰ ਹੀ ਡਿੱਗ ਪਿਆ ਅਤੇ ਪਾਣੀ ਰੁੜ ਗਿਆ। ਮਲਕੀਤ ਹਲਕਾਇਆ ਹੋਇਆ ਉੱਠਿਆ ਅਤੇ ਆਪਣੀ ਬੀਬੀ ਦੇ ਗਲ ਪੈ ਗਿਆ।

ਮਲਕੀਤ-ਬੀਬੀ ਕੀ ਹੋਇਆ ਤੈਨੂੰ ਖਾਣਾ ਨਹੀਂ ਆਉਂਦਾ? ਜੇ ਹੁਣੇ ਪਾਣੀ ਮੇਰੇ 'ਤੇ ਰੁੜ ਜਾਂਦਾ ਫਿਰ?

ਬਚਨ ਕੌਰ-ਪੁੱਤ ਮੈਂ ਤਾਂ ਪਾਣੀ ਪੀਣ ਲੱਗੀ ਸੀ, ਪਤਾ ਨਹੀਂ ਕੀ ਹੋਇਆ ਹੱਥ ਜੱਗ ਨੂੰ ਵੱਜ ਗਿਆ।

ਮਲਕੀਤ-ਮੈਂ ਤਦੇ ਤੈਨੂੰ ਕਿਤੇ ਲੈ ਕੇ ਨਹੀਂ ਜਾਂਦਾ। ਪਤਾ ਵਾ ਕਿ ਤੈਨੂੰ ਖਾਣ-ਪੀਣ ਦਾ ਚੱਜ ਨਹੀਂ।

ਬਚਨ ਕੌਰ ਕੁਝ ਨਾ ਬੋਲੀ ਅਤੇ ਚੁੱਪ ਚਾਪ ਬੈਠੀ ਰਹੀ। ਮਲਕੀਤ ਵੀ ਆਪਣੀ ਕੁਰਸੀ ਉੱਪਰ ਬੈਠ ਗਿਆ ਪਰ ਉਸ ਨੇ ਆਪਣੀ ਬੀਬੀ ਨੂੰ ਝਿੜਕਣਾ ਬੰਦ ਨਹੀਂ ਕੀਤਾ। ਕੁਝ ਨਾ ਕੁਝ ਬੋਲਦਾ ਹੀ ਰਿਹਾ। ਮਲਕੀਤ ਨੇ ਕਾਹਲੀ ਨਾਲ ਆਪਣਾ ਭੋਜਨ ਖਤਮ ਕੀਤਾ ਅਤੇ ਕਰਮਚਾਰੀ ਨੂੰ ਖਾਧੇ ਹੋਏ ਭੋਜਨ ਦਾ ਬਿੱਲ ਲੈ ਕੇ ਆਉਣ ਲਈ ਕਿਹਾ। ਕਰਮਚਾਰੀ ਬਿੱਲ ਲੈ ਕੇ ਆਇਆ। ਮਲਕੀਤ ਨੇ ਬਣਦੇ ਪੈਸੇ ਦਿੱਤੇ ਅਤੇ ਉੱਠ ਕੇ ਤੁਰ ਪਿਆ।ਮਗਰੇ ਹੀ ਬਚਨ ਕੌਰ ਵੀ ਉੱਠ ਕੇ ਤੁਰ ਪਈ। ਉਹ ਜਲਦੀ ਨਾਲ ਹੋਟਲ 'ਚੋਂ ਬਾਹਰ ਨਿਕਲਿਆ ਅਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰਦੀ ਗਈ। ਮਲਕੀਤ ਨੇ ਕ੍ਰੋਧ ਦੇ ਕਾਰਨ ਕਰੀਬ ਦਸ ਮਿੰਟ ਤੱਕ ਆਪਣੀ ਬੀਬੀ ਨਾਲ ਕੋਈ ਗੱਲ-ਬਾਤ ਨਾ ਕੀਤੀ ਅਤੇ ਪੈਦਲ ਹੀ ਚਲਦਾ ਰਿਹਾ। ਫਿਰ ਉਹ ਇੱਕ ਬਣੀ ਹੋਈ ਪਾਰਕ ਵਿਚ ਜਾ ਕੇ ਰੁੱਕ ਗਿਆ ਅਤੇ ਇੱਕ ਕੰਕਰੀਟ ਦੇ ਬਣੇ ਹੋਏ ਬੈਂਚ 'ਤੇ ਜਾ ਕੇ ਬੈਠ ਗਿਆ। ਬਚਨ ਕੌਰ ਵੀ ਉਸਦੇ ਮਗਰ ਹੀ ਚਲਦੀ ਉਸਦੇ ਕੋਲ ਆ ਕੇ ਬੈਠ ਗਈ। ਦੋਨੋਂ ਕੁਝ ਦੇਰ ਤੱਕ ਚੁੱਪ ਬੈਠੇ ਰਹੇ। ਅੱਜ ਛੁੱਟੀ ਦਾ ਦਿਨ ਸੀ ਐਤਵਾਰ। ਪਾਰਕ ਵਿਚ ਇੱਕ ਪਾਸੇ ਪੰਗੂੜੇ ਲੱਗੇ ਹੋਏ ਸਨ ਜਿਸ 'ਤੇ ਬੱਚੇ ਬੜੀ ਮਸਤੀ ਕਰ ਰਹੇ ਸਨ। ਬਚਨ ਕੌਰ ਦਾ ਧਿਆਨ ਉਹਨਾਂ ਵੱਲ ਗਿਆ ਅਤੇ ਦੇਖ ਕੇ ਖੁਸ਼ ਹੋਣ ਲੱਗ ਪਈ। ਫਿਰ ਉਸ ਨੇ ਮਲਕੀਤ ਨੂੰ ਕਿਹਾ..

ਬਚਨ ਕੌਰ-ਮਲਕੀਤ ਤੂੰ ਗੁੱਸਾ ਬੜੀ ਜਲਦੀ ਹੋ ਜਾਂਦਾ ਵਾ। ਐਨਾ ਗੁੱਸਾ ਨਾ ਹੋਇਆ ਕਰ।

ਮਲਕੀਤ ਫਿਰ ਆਪਣੀ ਬੀਬੀ ਨੂੰ ਟੁੱਟ ਕੇ ਪਿਆ..

ਮਲਕੀਤ-ਗੁੱਸਾ ਨਾ ਕਰਾ ਤੇ ਹੋਰ ਕੀ ਕਰਾ ਭਲਾ? ਏਦਾਂ ਵੀ ਕੋਈ ਕਰਦਾ ਜਿੱਦਾਂ ਤੂੰ ਕੀਤੀ ਅੱਜ। ਬੇਇਜ਼ਤੀ ਕਰਵਾ ਕੇ ਰੱਖ ਦਿੱਤੀ।

ਬਚਨ ਕੌਰ-ਲੈ ਪੁੱਤ ਮੈਂ ਕਿਹੜਾ ਜਾਣ-ਬੁੱਝ ਕੇ ਏਦਾਂ ਕੀਤਾ, ਬੱਸ ਮੇਰਾ ਹੱਥ ਵੱਜ ਗਿਆ ਤੇ ਪਾਣੀ ਰੁੜ ਗਿਆ।

ਚੱਲ ਹੁਣ ਗੁੱਸਾ ਨਾ ਕਰ ਬਹੁਤਾ। ਇਹ ਦਸ ਤੇਰੀ ਬਦਲੀ ਕਿੱਥੇ ਹੋਈ ਆ? ਤੇ ਕਦੋਂ ਜਾਣਾ ਆਪਾਂ?

ਮਲਕੀਤ-ਸੱਚ ਮੈਂ ਤੇ ਅਜੇ ਟਿਕਟਾਂ ਵੀ ਕਰਵਾਉਣ ਜਾਣਾ ਵਾ ਸਟੇਸ਼ਨ 'ਤੇ।

ਬਚਨ ਕੌਰ-ਕੋਈ ਗੱਲ ਨੀ ਪੁੱਤ ਅਜੇ ਬਹੁਤ ਸਮਾਂ ਵਾ, ਮੈਨੂੰ ਗੁਰੂ ਘਰ ਛੱਡ ਕੇ ਤੂੰ ਟਿਕਟਾਂ ਕਰਨ ਚਲਾ ਜਾਵੀਂ ਤੇ ਵਾਪਿਸ ਆਉਂਦਾ ਨਾਲ ਘਰੇ ਲੈ ਜਾਵੀਂ। ਤੂੰ ਦੱਸਿਆ ਨਹੀਂ ਤੇਰੀ ਬਦਲੀ ਕਿੱਥੇ ਹੋਈ ਆ।

ਮਲਕੀਤ-ਪਟਿਆਲੇ।

ਬਚਨ ਕੌਰ-ਠੀਕ ਆ। ਵਧੀਆ ਸ਼ਹਿਰ ਵਾ ਉਹ ਵੀ। ਪੁੱਤ ਮੇਰੀ ਇੱਕ ਗੱਲ ਮੰਨ ਤੂੰ ਬਹੂ ਨਾਲ ਲੜਿਆ ਨਾ ਕਰ। ਘਰ ਵਿਚ ਬਹੁਤਾ ਕਲੇਸ਼ ਚੰਗੀ ਗੱਲ ਨੀ ਆ। ਫਿਰ ਕੀ ਹੋਇਆ ਉਹ ਮੈਨੂੰ ਮਾੜਾ ਚੰਗਾ ਕਹਿੰਦੀ ਆ ਤਾਂ ਕਹੀ ਜਾਣਦੇ।

ਮਲਕੀਤ-ਬੀਬੀ ਜੇ ਉਹ ਤੈਨੂੰ ਕੁਝ ਕਹਿੰਦੀ ਆ ਤਾਂ ਤੂੰ ਹੀ ਚੁੱਪ ਕਰ ਜਾਇਆ ਕਰ। ਤੂੰ ਵੀ ਬਸ ਬੋਲਦੀ ਹੀ ਰਹਿੰਦੀ ਆ।

ਬਚਨ ਕੌਰ-ਲੈ ਦੱਸ ਪੁੱਤ ਜਦੋਂ ਕੋਈ ਗੱਲ ਗਲਤ ਕਹੇ ਤਾਂ ਉਸ ਨੂੰ ਮੈਂ ਨਹੀਂ ਦੱਸਾਂਗੀ ਤਾਂ ਫਿਰ ਕੌਣ ਦੱਸੇਗਾ?

ਮਲਕੀਤ-ਬੱਸ ਕਰ ਬੀਬੀ ਢੱਕੀ ਰਹਿਣ ਦੇ ਗੱਲ। ਤੇਰਾ ਘਰ ਵੀ ਇਹੀ ਹਾਲ ਤੇ ਬਾਹਰ ਵੀ। ਹੁਣ ਨਾ ਗੱਲ ਕਰ ਇਸ ਬਾਰੇ।

ਬਚਨ ਕੌਰ-ਪੁੱਤ ਮੈਂ ਤਾਂ ਓਦਾਂ ਗੱਲ ਕਰ ਰਹੀ ਆ। ਨਾਲੇ ਮੈਂ ਤਾਂ ਉਦੋਂ ਹੀ ਬੋਲਦੀ ਹਾਂ ਜਦੋਂ ਉਹ ਤੈਨੂੰ ਮਾੜਾ ਚੰਗਾ ਬੋਲਦੀ ਆ। ਬਸ ਮੇਰੇ ਤੋਂ ਜਰ ਨਹੀਂ ਹੁੰਦਾ।

ਮਲਕੀਤ-ਤੇ ਬੋਲੀ ਜਾਣ ਦਿਆ ਕਰ। ਜਦੋਂ ਉਹ ਤੈਨੂੰ ਮਾੜਾ ਬੋਲਦੀ ਆ ਤਾਂ ਮੈਂ ਵੀ ਤਾਂ ਜਰਦਾ ਹੀ ਆ, ਤੂੰ ਜਰ ਲਿਆ ਕਰ।

ਬਚਨ ਕੌਰ-ਪੁੱਤ ਮੈਂ ਮਾਂ ਵਾ ਤੇਰੀ ਏਦਾਂ ਕਿੱਦਾਂ ਜਰ ਲਿਆ ਕਰ। ਜੇ ਤੂੰ ਨੀ ਉਸ ਨੂੰ ਮੇਰੇ ਨਾਲ ਏਦਾਂ ਬੋਲਣ ਤੋਂ ਡੱਕਦਾ ਤਾਂ ਮੈਂ ਵੀ ਨਾ ਡੱਕਾ ਤੇ ਸਿਰ ਦੇ ਵਾਲਾ ਨੂੰ ਪਵੇਗੀ ਨਾਲੇ ਤੇਰੇ ਨਾਲੇ ਮੇਰੇ।

ਮਲਕੀਤ-ਤੇ ਪਈ ਜਾਣ ਦੇ। ਮੈਨੂੰ ਨੀ ਕੁਝ ਫਰਕ ਪੈਂਦਾ। ਹੁਣ ਬਸ ਚੁੱਪ ਕਰਜਾ, ਹੁਣ ਨਾ ਬੋਲੀ ਕੁਝ।

ਬਚਨ ਕੌਰ-ਚੱਲ ਠੀਕ ਆ, ਨਹੀਂ ਬੋਲਦੀ।

ਇਹਨਾਂ ਗੱਲਾਂ ਤੋਂ ਬਾਅਦ ਕੁਝ ਦੇਰ ਤੱਕ ਉਹ ਸ਼ਾਂਤ ਬੈਠੇ ਰਹੇ। ਮਲਕੀਤ ਸੜਿਆ ਹੋਇਆ ਬੈਠਾ ਰਿਹਾ ਅਤੇ ਉਸਦੀ ਬੀਬੀ ਕਦੇ ਉਸਦੇ ਮੂੰਹ ਵੱਲ ਤੱਕਦੀ ਅਤੇ

ਕਦੇ ਖੇਡਦੇ ਹੋਏ ਬੱਚਿਆਂ ਵੱਲ। ਬਚਨ ਕੌਰ ਨੂੰ ਬੱਚਿਆਂ ਵੱਲ ਦੇਖ ਕੇ ਮਲਕੀਤ ਦੀਆਂ ਬਚਪਨ ਦੀਆਂ ਗੱਲਾਂ ਤੇ ਸ਼ਰਾਰਤਾਂ ਯਾਦ ਆ ਰਹੀਆਂ ਸਨ। ਫਿਰ ਉਸ ਨੇ ਇੱਕ ਗੱਲ ਯਾਦ ਕਰਦੇ ਹੋਏ ਕਿਹਾ।

ਬਚਨ ਕੌਰ-ਮਲਕੀਤ ਤੈਨੂੰ ਯਾਦ ਵਾ? ਇੱਕ ਵਾਰ ਮੈਂ ਤੇ ਤੇਰਾ ਬਾਪੂ ਤੈਨੂੰ ਨੰਗੇ ਨੂੰ ਸਤਾ ਰਹੇ ਸੀ ਤਾਂ ਤੂੰ ਇੱਕ ਰੋੜਾ ਮੇਰੇ ਮਾਰ ਦਿੱਤਾ ਸੀ ਜਿਸ ਨਾਲ ਕਿੰਨਾ ਲਹੂ ਨਿਕਲਿਆ। ਫਿਰ ਪੱਟੀ ਕਰਵਾਉਣੀ ਪਈ ਤੇ ਦੋ ਟਾਂਕੇ ਵੀ ਲੱਗੇ ਸੀ। ਉਦੋਂ ਤੂੰ ਛੇ ਕੁ ਸਾਲ ਦਾ ਹੋਣਾ ਵਾ।

ਮਲਕੀਤ-ਜਦੋਂ ਨਿਆਣੇ ਨਾਲ ਸ਼ੈਤਾਨੀਆਂ ਕਰਨੀਆਂ ਨੇ ਤਾਂ ਰੋੜੇ ਹੀ ਖਾਵੋਂਗੇ ਹੋਰ ਫੁੱਲ ਵੱਜਣੇ ਆ?

ਮਲਕੀਤ ਨੇ ਭਰੇ ਹੋਏ ਸ਼ਬਦਾਂ ਵਿਚ ਕਿਹਾ ਜਿਵੇਂ ਉਸ ਦੇ ਅੰਦਰ ਪਤਾ ਨਹੀਂ ਕਿਹੜੀ ਅੱਗ ਬਲ ਰਹੀ ਹੋਵੇ। ਬਚਨ ਕੌਰ ਮਲਕੀਤ ਦਾ ਜੁਆਬ ਸੁਣ ਕੇ ਇੱਕ ਵਾਰ ਫਿਰ ਦੁਖੀ ਹੋ ਗਈ। ਫਿਰ ਉਸ ਨੇ ਕਿਹਾ...

ਬਚਨ ਕੌਰ-ਤੈਨੂੰ ਪਤਾ ਨਹੀਂ ਕੀ ਹੋਇਆ ਵਾ ਅੱਜ, ਸਿੱਧੇ ਮੂੰਹ ਗੱਲ ਹੀ ਨਹੀਂ ਕਰ ਰਿਹਾ। ਤੂੰ ਏਦਾਂ ਕਰ ਮੈਨੂੰ ਗੁਰੂ ਘਰ ਛੱਡ ਦੇ ਤੇ ਆਪਣਾ ਕੰਮ ਕਰਕੇ ਆ ਜਾਵੀਂ।

ਮਲਕੀਤ ਬਿਨਾਂ ਕੁਝ ਬੋਲੇ ਹੀ ਉੱਠ ਕੇ ਅੱਗੇ ਹੋ ਤੁਰਿਆ ਤੇ ਬਚਨ ਕੌਰ ਵੀ ਉਸਦੇ ਮਗਰੇ ਹੀ ਤੁਰ ਪਈ। ਉਹ ਇੱਕ ਰਕਸ਼ੇ 'ਤੇ ਬੈਠੇ ਅਤੇ ਗੁਰੂ ਘਰ ਪੁੱਜ ਗਏ। ਮਲਕੀਤ ਨੇ ਆਪਣੀ ਬੀਬੀ ਨੂੰ ਓਥੇ ਹੀ ਲਾਹ ਦਿੱਤਾ ਅਤੇ ਕਿਹਾ "ਉਹ ਸਟੇਸ਼ਨ ਤੋਂ ਹੋ ਕੇ ਵਾਪਿਸ ਆਉਂਦਾ ਵਾ ਤੱਦ ਤੱਕ ਉਹ ਐਥੇ ਹੀ ਰਹੇ।" ਅਤੇ ਆਪ ਮਲਕੀਤ ਓਸੇ ਰਕਸ਼ੇ ਨੂੰ ਲੈ ਕੇ ਸਟੇਸ਼ਨ ਵੱਲ ਨੂੰ ਤੁਰ ਪਿਆ।

ਬਚਨ ਕੌਰ ਗੁਰੂ ਘਰ ਦੇ ਅੰਦਰ ਗਈ ਉਸ ਨੇ ਸਭ ਤੋਂ ਪਹਿਲਾਂ ਆਪਣੀ ਜੁੱਤੀ ਜੋੜੇ ਘਰ ਜਮਾ ਕਰਵਾਈ ਅਤੇ ਫਿਰ ਸਰੋਵਰ 'ਚੋਂ ਹੱਥ ਮੂੰਹ ਧੋ ਮੱਥਾ ਟੇਕਿਆ। ਕੁਝ ਦੇਰ ਓਥੇ ਬੈਠੀ, ਕੀਰਤਨ ਸੁਣਿਆ ਅਤੇ ਫਿਰ ਲੰਗਰ ਹਾਲ ਵਿਚ ਜਾ ਸੇਵਾ ਕੀਤੀ। ਫਿਰ ਕੁਝ ਦੇਰ ਸੇਵਾ ਕਰਨ ਪਿੱਛੋਂ ਉਸ ਨੇ ਲੰਗਰ ਛਕਿਆ ਅਤੇ ਮਲਕੀਤ ਦੇ ਆਉਣ ਦੀ ਉਡੀਕ ਕਰਨ ਲੱਗ ਪਈ। ਬਹੁਤ ਵਕਤ ਬੀਤ ਗਿਆ ਪਰ ਮਲਕੀਤ ਮੁੜ ਨਾ ਆਇਆ। ਬਚਨ ਕੌਰ ਨੇ ਫਿਰ ਲੰਗਰ ਵਿਚ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਸੋਚਿਆ ਕਿ "ਕੋਈ ਨਾ ਕਿਤੇ ਦੇਰੀ ਹੋ ਗਈ ਹੋਣੀ ਆ, ਆ ਜਾਵੇਗਾ। ਤੱਦ ਤੱਕ ਮੈਂ ਸੇਵਾ ਕਰਦੀ ਹਾਂ।" ਪਰ ਉਸਦੀ ਉਡੀਕ ਖਤਮ ਹੋਣ 'ਤੇ ਨਾ ਆਈ ਬਾਹਰ ਹਨੇਰਾ ਹੋ ਗਿਆ ਅਤੇ ਬਚਨ ਕੌਰ ਦੀ ਫਿਕਰ ਵੱਧਦੀ ਗਈ, ਪਰ ਮਲਕੀਤ ਨਾ ਆਇਆ।

ਜਦੋਂ ਬਹੁਤ ਜਿਆਦਾ ਦੇਰ ਹੋ ਗਈ ਤਾਂ ਬਚਨ ਕੌਰ ਨੇ ਸੋਚਿਆ ਕਿ ਘਰ ਨਾ ਚਲਾ ਗਿਆ ਹੋਵੇ। ਤੇ ਉਹ ਵੀ ਘਰ ਵੱਲ ਨੂੰ ਚੱਲ ਪਈ। ਜਦੋਂ ਉਹ ਘਰ ਪੁੱਜੀ ਤਾਂ ਉਸ ਨੇ ਦੇਖਿਆ ਕਿ ਘਰੇ ਤਾਂ ਬੂਹਾ ਬੰਦ ਸੀ। ਬਾਹਰ ਤਾਲਾ ਲੱਗਿਆ ਹੋਇਆ ਸੀ। ਉਹ ਆਸ ਪਾਸ ਦੇਖਦੀ ਰਹੀ ਪਰ ਕੋਈ ਨਾ ਨਜ਼ਰ ਆਇਆ। ਸਿਆਲ ਦੇ ਦਿਨ ਹੋਣ ਕਰਕੇ ਹਨੇਰਾ ਵੀ ਜਲਦੀ ਹੀ ਹੋ ਜਾਂਦਾ ਸੀ। ਤੇ ਸਭ ਲੋਕ ਵੇਲੇ ਨਾਲ ਹੀ ਆਪੋ-ਆਪਣੇ ਘਰੀ ਵੜ ਜਾਂਦੇ ਸਨ। ਬਚਨ ਕੌਰ ਨੂੰ ਹੈਰਾਨੀ ਹੋ ਰਹੀ ਸੀ ਕਿ ਘਰੇ ਤਾਲਾ ਕਿਉਂ ਵੱਜਿਆ ਹੋਇਆ ਹੈ? ਉਸ ਨੇ ਸੋਚਿਆ "ਕਿਤੇ ਬਾਹਰ ਘੁੰਮਣ ਨਾ ਗਏ ਹੋਣ।" ਇਸ ਲਈ ਓਥੇ ਹੀ ਬੈਠ ਗਈ। ਥੋੜੀ ਦੇਰ ਬਾਅਦ ਉਸ ਨੇ ਨਜ਼ਰ ਘੁਮਾ ਕੇ ਦੇਖੀ ਤਾਂ ਇੱਕ ਪਾਸੇ ਇੱਕ ਛੋਟੀ ਜਿਹੀ ਪੰਡ ਬੰਨੀ ਹੋਈ ਨਜ਼ਰ ਆਈ। ਉਹ ਪੰਡ ਦੇ ਕੋਲ ਗਈ ਉਸ ਨੂੰ ਖੋਲ ਕੇ ਦੇਖਿਆ ਤਾਂ ਉਸ ਵਿਚ ਉਸਦੇ ਹੀ ਕੁਝ ਲੀੜੇ ਸਨ। ਲੀੜੇ ਦੇਖ ਕੇ ਉਸ ਨੂੰ ਪਹਿਲਾਂ ਕੁਝ ਸਮਝ ਨਾ ਲੱਗੀ। ਫਿਰ ਸੋਚਿਆ ਕਿ "ਸ਼ਾਇਦ ਉਹ ਮੇਰੇ ਨਾਲ ਨਰਾਜ਼ ਹੋਣ ਕਰਕੇ

ਸਟੇਸ਼ਨ ਨਾ ਚਲੇ ਗਏ ਹੋਣ? ਹੋ ਸਕਦਾ ਅੱਜ ਹੀ ਪਟਿਆਲੇ ਜਾਣਾ ਹੋਵੇ।" ਫਿਰ ਉਹ ਜਲਦੀ ਨਾਲ ਆਪਣੇ ਲੀੜਿਆਂ ਵਾਲੀ ਪੰਡ ਚੁੱਕ ਓਥੋਂ ਸਟੇਸ਼ਨ ਵੱਲ ਨੂੰ ਤੁਰ ਪਈ।

ਸਟੇਸ਼ਨ ਪੁੱਜ ਉਸ ਨੇ ਰੇਲਵੇ ਅਧਿਕਾਰੀਆਂ ਨੂੰ ਪਟਿਆਲੇ ਦੀ ਰੇਲ ਬਾਰੇ ਪੁੱਛਿਆ। ਤੇ ਉਹਨਾਂ ਤੋਂ ਪਤਾ ਲੱਗਾ ਕਿ ਰੇਲ ਨੂੰ ਤੁਰਿਆ ਤਾਂ ਕਰੀਬ ਇੱਕ ਘੰਟੇ ਤੋਂ ਉੱਪਰ ਹੋ ਗਿਆ ਹੈ। ਫਿਰ ਉਸੇ ਨੇ ਅਗਲੀ ਰੇਲ ਬਾਰੇ ਪੁੱਛਿਆ ਤਾਂ ਉਹ ਸਵੇਰੇ ਚਾਰ ਵਜੇ ਤੁਰਨੀ ਸੀ। ਬਚਨ ਕੌਰ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕਿ ਇਹ ਹੋ ਕੀ ਰਿਹਾ ਹੈ। ਫਿਰ ਉਸ ਦੇ ਅਚਾਨਕ ਗੱਲ ਦਿਮਾਗ ਵਿਚ ਆਈ ਕਿ ਉਸਦਾ ਪੁੱਤ ਤਾਂ ਉਸ ਨੂੰ ਐਥੇ ਹੀ ਛੱਡ ਗਿਆ ਇਕੱਲੀ ਨੂੰ। ਉਹ ਓਥੇ ਹੀ ਖੜੀ ਕਦੇ ਆਪਣੇ ਲੀੜਿਆਂ ਦੀ ਪੰਡ ਵੱਲ ਦੇਖਦੀ ਅਤੇ ਕਦੇ ਰੇਲ ਦੀਆਂ ਪਟਰੀਆਂ ਨੂੰ।

ਇਨਸਾਨ ਜਿਸ ਨੂੰ ਹੱਦ ਤੋਂ ਪਰੇ ਪਿਆਰ ਕਰਦਾ ਹੈ ਕਈ ਵਾਰ ਓਹੀ ਉਸ ਦੀ ਕਦਰ ਨਹੀਂ ਕਰਦਾ। ਕਦੇ ਇੱਕ ਕੁੜੀ ਮੁੰਡੇ ਨੂੰ ਪਿਆਰ ਕਰਦੀ ਹੈ ਪਰ ਮੁੰਡਾ ਨਹੀਂ ਕਰਦਾ, ਕਦੇ ਮੁੰਡਾ ਕੁੜੀ ਨੂੰ ਕਰਦਾ ਹੈ ਅਤੇ ਕੁੜੀ ਨਹੀਂ ਕਰਦੀ ਇਹ ਆਮ ਗੱਲ ਹੈ।

ਹਰ ਕਿਸੇ ਦੀ ਜ਼ਿੰਦਗੀ ਵਿਚ ਇਹ ਵਕਤ ਜਰੂਰ ਆਉਂਦਾ ਹੈ। ਪਰ ਇੱਕ ਮਾਂ ਆਪਣੇ ਬੱਚੇ ਨੂੰ ਜਿੰਨਾ ਪਿਆਰ ਕਰਦੀ ਹੈ ਓਨਾ ਇੱਕ ਬੱਚਾ ਕਦੇ ਵੀ ਨਹੀਂ ਕਰ ਸਕਦਾ। ਕਹਿਣ ਦੇ ਮੁਤਾਬਿਕ ਤਾਂ ਸਭ ਕਹਿੰਦੇ ਨੇ ਕਿ ਅਸੀਂ ਆਪਣੀ ਮਾਂ ਨੂੰ ਬਹੁਤ ਪਿਆਰ ਕਰਦੇ ਹਾਂ। ਪਰ ਇਹੋ ਜਿਹੇ ਪਿਆਰ ਦਾ ਕੀ ਫਾਇਦਾ ਅਗਰ ਉਹਨਾਂ ਦੇ ਕਹਿਣੇ ਵਿਚ ਹੀ ਨਹੀਂ। ਹੋ ਸਕਦਾ ਹੈ ਕਿਤੇ ਸਾਡੀ ਮਾਂ ਵੀ ਗ਼ਲਤ ਹੋਵੇ ਕਿਉਂਕਿ ਜਮਾਨਾ ਰੋਜ਼ ਬਦਲ ਰਿਹਾ ਹੈ ਕਦੇ ਵੱਡੇ ਬੱਚਿਆਂ ਨੂੰ ਸਿਖਾਉਂਦੇ ਨੇ ਅਤੇ ਕਦੇ ਛੋਟਾ ਜਿਹਾ ਬੱਚਾ ਵੀ ਬਹੁਤ ਕੁਝ ਸਿਖਾ ਦੇਂਦਾ ਹੈ। ਜੇ ਅੱਜ ਆਪਾਂ ਆਪਣੇ ਮਾਂ ਪਿਉ ਨੂੰ ਜਮਾਨੇ ਦੇ ਨਾਲ ਲੈ ਕੇ ਨਹੀਂ ਚੱਲਾਂਗੇ ਤਾਂ ਕੱਲ੍ਹ ਨੂੰ ਸਾਡੇ ਬੱਚੇ ਵੀ ਸਾਨੂੰ ਪਿੱਛੇ ਹੀ ਸੁੱਟਣਗੇ। ਮਾਂ ਪਿਉ ਸਦਾ ਹੀ ਸਾਡੇ

ਭਲੇ ਦੀ ਗੱਲ ਕਰਦੇ ਨੇ। ਕਦੇ ਬੁਰਾ ਨਹੀਂ ਸੋਚਦੇ। ਬੱਸ ਫਰਕ ਇਹ ਹੁੰਦਾ ਹੈ ਕੇ ਅਸੀਂ ਆਪਣੀ ਸੋਚ ਮੁਤਾਬਿਕ ਕੰਮ ਕਰਦੇ ਹਾਂ ਅਤੇ ਉਹ ਆਪਣੇ ਤਜੁਰਬੇ ਮੁਤਾਬਿਕ।

ਇੱਕ ਤਰਫ਼ਾ ਪਿਆਰ ਕਹਾਣੀ ਦਾ ਮਕਸਦ ਸਿਰਫ ਸਾਨੂੰ ਸਾਡੀ ਮਾਂ ਪਿਓ ਪ੍ਰਤੀ ਫ਼ਰਜ਼ਾਂ ਬਾਰੇ ਦੱਸਦੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਭ ਨੂੰਹਾਂ ਮਾੜੀਆਂ ਨੇ। ਮੈਂ ਬਹੁਤ ਸਾਰੇ ਐਸੀਆਂ ਵੀ ਨੂੰਹਾਂ ਦੇਖੀਆਂ ਨੇ ਜੋ ਆਪਣੇ ਸੱਸ-ਸਹੁਰੇ ਦਾ ਸਾਥ ਪਹਿਲਾਂ ਦੇਂਦੀਆਂ ਨੇ ਅਤੇ ਫਿਰ ਆਪਣੇ ਘਰਵਾਲੇ ਦਾ। ਪਰ ਕਈ ਐਸੇ ਪੁੱਤ ਵੀ ਹੈਗੇ ਨੇ ਜੋ ਆਪਣੀ ਘਰਵਾਲੀ ਦੇ ਆਖੇ ਵਿਚ ਜਿਆਦਾ ਨੇ ਤੇ ਮਾਂ ਪਿਓ ਨੂੰ ਪਾਣੀ ਤੱਕ ਨਹੀਂ ਪੁੱਛਦੇ। ਇਹ ਕਹਾਣੀ ਇੱਕ ਮਾਂ ਦੇ ਪਿਆਰ ਨੂੰ ਬਿਆਨ ਕਰਦੀ ਹੈ ਕਿ ਉਹ ਕਿਵੇਂ ਆਪਣੇ ਪੁੱਤ ਦੀਆਂ ਗਲਤੀਆਂ ਨੂੰ ਹਰ ਵਖ਼ਤ ਮੁਆਫ ਕਰਦੀ ਹੈ ਪਰ ਪੁੱਤ ਨੂੰ ਉਸ ਦੀ ਕੋਈ ਕਦਰ ਨਹੀਂ। ਇਸ ਨੂੰ ਅਸੀਂ ਇੱਕ ਤਰਫ਼ਾ ਪਿਆਰ ਹੀ ਕਹਿ ਸਕਦੇ ਹਾਂ। ਮੈਨੂੰ ਨਹੀਂ ਲਗਦਾ ਕੇ ਇਸ ਲਫ਼ਜ਼ ਤੋਂ ਵੱਧ ਕੋਈ ਹੋਰ ਲਫ਼ਜ਼ ਬਚਨ ਕੌਰ ਦੇ ਪਿਆਰ ਨੂੰ ਬਿਆਨ ਕਰ ਸਕਦਾ ਹੈ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**




KHALSA COLLEGE SAJRA SAHIT
ਖ਼ਾਲਸਾ ਕਾਲਜ ਸੱਜਰਾ ਸਾਹਿਤ
www.PunjabiLibrary.com